ਸ਼ਹੀਦ ਭਾਈ ਹਰਦੀਪ ਸਿੰਘ ਨਿੱਝਰ ਦੀ ਪਹਿਲੀ ਬਰਸੀ ਨੂੰ ਸਮਰਪਿਤ ਮਹਾਨ ਸ਼ਹੀਦੀ ਸਮਾਗਮ ਅਰੰਭ ਹਨ ਜਿਸ ਵਿੱਚ ਦੱਲ ਖ਼ਾਲਸਾ ਦੇ ਪ੍ਰਧਾਨ ਨੋਜੁਆਨਾ ਵਿੱਚ ਆਪਣੀਆ ਤਕਰੀਰਾਂ ਨਾਲ ਵਿਲੱਖਣ ਪਹਿਚਾਣ ਬਣਾ ਚੁੱਕੇ ਭਾਈ ਪਰਮਜੀਤ ਸਿੰਘ ਜੀ ਮੰਡ ਹਾਜ਼ਰੀ ਭਰ ਰਹੇ ਹਨ ਅਤੇ 5 ਦਿਨ ਚੱਲਣ ਵਾਲੇ ਸਮਾਗਮਾਂ ਸਬੰਧੀ ਸ਼ਹੀਦ ਜਰਨਲ ਸੁਬੇਗ ਸਿੰਘ ਸਪੋਰਟਸ ਕਲੱਬ ਵੱਲੋਂ ਸਮੂਹ ਸੰਗਤਾਂ ਨੂੰ ਅਪੀਲ ਹੈ ਕਿ ਇਹਨਾਂ ਸਮਾਗਮਾਂ ਵਿੱਚ ਵੱਧ ਤੋਂ ਵੱਧ ਸ਼ਮੂਲੀਅਤ ਕੀਤੀ ਜਾਵੇ। ਉਥੇ ਹੀ ਸਪੋਰਟ ਕਲੱਬ ਦੇ ਮੁੱਖੀ ਭਾਈ ਐਸ ਪੀ ਸਿੰਘ ਮਾਨ ਨੇ ਕਿਹਾ ਕਿ ਜਿੱਥੇ ਅਸੀਂ ਆਪਣੀ ਕੌਮ ਦੀ ਅਜ਼ਾਦੀ ਨੂੰ ਸਮਰਪਿਤ ਸ਼ਹੀਦ ਭਾਈ ਹਰਦੀਪ ਸਿੰਘ ਨਿੱਝਰ ਦੀ ਘਾਟ ਮਹਿਸੂਸ ਕਰ ਰਹੇ ਹਾਂ ਅਤੇ ਉਹਨਾ ਨੂੰ ਯਾਦ ਕਰ ਰਹੇ ਹਾਂ । ਉਥੇ ਹੀ ਸਾਡੇ ਉੱਤੇ ਅਕਾਲ ਪੁਰਖ ਵਾਹਿਗੁਰੂ ਦੀ ਕ੍ਰਿਪਾ ਵੀ ਹੈ ਕਿ ਸਾਡੇ ਕੋਲ ਕੌਮ ਦੀ ਅਜ਼ਾਦੀ ਲਈ ਜ਼ਮੀਨੀ ਪੱਧਰ ਕੰਮ ਕਰਨ ਵਾਲੇ ,ਆਪਣੀਆਂ ਤਕਰੀਰਾਂ ਨਾਲ ਇਸ ਸਘੰਰਸ਼ ਨੂੰ ਨਵੀ ਦਿੱਖ ਤੇ ਦਿਸ਼ਾ ਦੇਣ ਵਾਲੇ ਨੋਜੁਆਨ ਆਗੂ ਪਰਮਜੀਤ ਸਿੰਘ ਮੰਡ ਹਨ । ਪੰਥਕ ਤੇ ਅਜ਼ਾਦੀ ਸਮਾਗਮਾਂ ਵਿੱਚ ਭਾਈ ਪਰਮਜੀਤ ਸਿੰਘ ਮੰਡ ਨੇ ਹਮੇਸ਼ਾ ਹੀ ਆਪਣੇ ਕੀਮਤੀ ਅਤੇ ਸੁਲਝੇ ਹੋਏ ਵਿਚਾਰਾਂ ਨਾਲ ਸਭ ਨੂੰ ਪ੍ਰਭਾਵਿਤ ਕੀਤਾ ਹੈ । ਸਾਡੀ ਸਿੱਖ ਸੰਗਤਾਂ ਨੂੰ ਨਿਮਰਤਾ ਸਹਿਤ ਬੇਨਤੀ ਹੈ ਇਹਨਾ ਸਮਾਗਮਾਂ ਵਿੱਚ ਵੱਧ ਚੜ ਕੇ ਹਾਜ਼ਰੀ ਭਰੋ ।



--★ ਜਾਰੀ ਕਰਤਾ ★--

**ਜੱਥੇਦਾਰ ਸੁਰਿੰਦਰ ਸਿੰਘ ਠੀਕਰੀਵਾਲ**


**ਮੁਖ ਸੇਵਾਦਾਰ ਜੱਥਾ ਠੀਕਰੀਵਾਲ**

ਘੜੀਐ ਸਬਦੁ ਸਚੀ ਟਕਸਾਲ ॥

ਵਾਹਿਗੁਰੂ ਜੀ ਕਾ ਖਾਲਸਾ। ਵਾਹਿਗੁਰੂ ਜੀ ਕੀ ਫਤਿਹ ॥

# ਗੁਰਦੁਆਰਾ ਸਾਹਿਬ ਸ਼ਹੀਦ ਬਾਬਾ ਦੀਪ ਸਿੰਘ ਜੀ ਕਾਜਲਮਰਾਨੋ ਕਰਮੋਨਾ ਇਟਲੀ ਵਿਖੇ

## Gurdwara Sahib Shaeed Baba Deep Singh ji Casalmorano Cremona (Italy)



# ਮਹਾਨ ਸ਼ਹੀਦੀ ਦਿਹਾੜਾ

ਛੋਟਾ ਘੱਲੂਘਾਰਾ (ਕਾਹਨੂੰਵਾਨ)



ਛੋਟਾ ਘੱਲੂਘਾਰਾ ਕਾਹਨੂੰਵਾਨ ਛੰਭ ਗੁਰਦਾਸਪੁਰ ਅਤੇ ਜੋੜ ਮੇਲਾ ਗੁਰੂ ਕਾ ਬਾਗ ਪਟਨਾ ਸਾਹਿਬ ਜੀ ਨੂੰ ਸਮਰਪਿਤ ਗੁਰਮਤਿ ਸਮਾਗਮ ਕਰਵਾਏ ਜਾ ਰਹੇ ਹਨ

ਸ਼ਨਿੱਚਰਵਾਰ 18 ਮਈ ਸ਼ਾਮ 5 ਤੋਂ 6 ਵਜੇ ਤੱਕ ਵਾਹਿਗੁਰੂ ਸਿਮਰਨ 6 ਤੋ 8 ਵਜੇ ਤੱਕ ਦੀਵਾਨ ਸੱਜਣਗੇ

19 ਮਈ 2024 ਐਤਵਾਰ 6:30 ਵਜੇ ਸਵੇਰੇ ਚਪੈਹਿਰੇ ਦੇ ਪਾਠਾਂ ਦੀ ਆਰੰਭਤਾ ਹੋਵੇਗੀ ਸਮੇਤ ਸੁਖਮਨੀ ਸਾਹਿਬ ਦੇ 9: 30 ਵਜੇ ਭੋਗ ਪੈਣਗੇ ਉਪਰੰਤ 12:30 ਵਜੇ ਤੱਕ ਦੀਵਾਨ ਸੱਜਣਗੇ

ਹਜ਼ੂਰੀ ਜਥਾ ਕੀਰਤਨ ਰਾਹੀਂ ਗੁਰਬਾਣੀ ਕਥਾ ਗੁਰ ਇਤਿਹਾਸ ਅਤੇ ਸਿੱਖ ਇਤਿਹਾਸ ਨਾਲ ਸੰਗਤਾਂ ਨੂੰ ਜੋੜਨਾ ਕਰਨਗੇ।

ਪ੍ਰਬੰਧਕ ਸੇਵਾਦਾਰਾਂ ਅਤੇ ਇੰਟਰਨੈਸ਼ਨਲ ਪੰਥਕ ਦਲ ਦੇ ਸਿੰਘਾਂ ਅਤੇ ਇਲਾਕਾ ਨਿਵਾਸੀ ਸਮੂੰਹ ਸਾਧ ਸੰਗਤਾਂ ਵੱਲੋਂ ਸੇਵਾ ਨਿਭਾਈ ਜਾਂਦੀ ਹੈ।

☛ ਸਟਾਲ ਵੀ ਲੱਗੇਗਾ
☛ ਗੁਰੂ ਕਾ ਲੰਗਰ ਅਤੁੱਟ ਵਰਤੇਗਾ


ਜ਼ਰੂਰੀ ਬੇਨਤੀ : ਗੱਤਕੇ ਦੀ ਸਿਖਲਾਈ ਹਰ ਐਤਵਾਰ 11:00 ਤੋਂ 1 : 00 ਵਜੇ ਤੱਕ ਦਿੱਤੀ ਜਾਂਦੀ ਹੈ।

★ ਗੁਰੂ ਪੰਥ ਦੇ ਦਾਸਰੇ ★

ਸਾਧ ਸੰਗਤ, ਪ੍ਰਬੰਧਕ ਕਮੇਟੀ
ਗੁਰਦੁਆਰਾ ਸਾਹਿਬ ਸ਼ਹੀਦ ਬਾਬਾ ਦੀਪ ਸਿੰਘ ਜੀ ਕਾਜਲਮਰਾਨੋ ਕਰਮੋਨਾ ਇਟਲੀ
ਵਧੇਰੇ ਜਾਣਕਾਰੀ ਲਈ ਸੰਪਰਕ ਕਰੋ:-
ਭਾਈ ਪ੍ਰਗਟ ਸਿੰਘ (ਪ੍ਰਧਾਨ) 00393208124778
ਭਾਈ ਬਲਰਾਮ ਸਿੰਘ +393885751594
ਭਾਈ ਪ੍ਰਭਜੀਤ ਸਿੰਘ ਆਜਾਨੇਲੋ +393881079260

☛ ਸ਼ੇਅਰ ਜ਼ਰੂਰੀ ਕਰਨਾ ਜੀ ☛ ਸਿੱਖ ਸੰਗਤਾਂ ਦੇ ਚਰਨਾਂ ਵਿੱਚ ਬੇਨਤੀ ਹੈ । ਆਪਣਾ ਕੀਮਤੀ ਸਮਾਂ ਕੱਢਕੇ ਸਮਾਗਮਾ ਵਿਚ ਪਹੁੰਚਣ ਦੀ ਕ੍ਰਿਪਾਲਤਾ ਕਰੋ ਜੀ

Gurdwara Sahib Shaeed Baba Deep Singh ji Damdami Taksaal
Via Giacomo Matteotti 3Cap
26020Casalmorano Cremona (IT)
E-mail : gur.damdamitaksaalitaly@gmail.com
Call+393475711755 / 3208124778




## ਇੱਕ ਨਜ਼ਰ



### ਸੰਧੂ ਸਮੁੰਦਰੀ ਨੇ ਮਜੀਠਾ ਵਿੱਚ ਚੋਣ ਦਫ਼ਤਰ ਦਾ ਉਦਘਾਟਨ ਕੀਤਾ

ਮਜੀਠਾ, 18 ਮਈ (ਆਵਾਜ਼ਿ ਕੌਮ ਬਿਊਰੋ ) ਲੋਕ ਸਭਾ ਹਲਕਾ ਅੰਮ੍ਰਿਤਸਰ ਤੋਂ ਭਾਜਪਾ ਦੇ ਉਮੀਦਵਾਰ ਤਰਨਜੀਤ ਸਿੰਘ ਸੰਧੂ ਸਮੁੰਦਰੀ ਨੇ ਅੱਜ ਮਜੀਠਾ ਵਿਖੇ ਚੋਣ ਦਫ਼ਤਰ ਦਾ ਉਦਘਾਟਨ ਕੀਤਾ। ਇਸ ਮੌਕੇ ਉਨ੍ਹਾਂ ਨਾਲ ਹਲਕਾ ਇੰਚਾਰਜ ਪ੍ਰਦੀਪ ਭੁੱਲਰ, ਰਾਜਬੀਰ ਸਿੰਘ ਅਤੇ ਗੁਰਮੁਖ ਸਿੰਘ ਕਾਦਰਾਬਾਦ ਵੀ ਮੌਜੂਦ ਸਨ। ਇਸ ਮੌਕੇ ਉਨ੍ਹਾਂ ਕਾਂਗਰਸੀ ਉਮੀਦਵਾਰ ਗੁਰਜੀਤ ਔਜਲਾ ਨੂੰ ਕਰੜੇ ਹੱਥੀਂ ਲੈਂਦਿਆਂ ਕਿਹਾ ਕਿ ਕਾਂਗਰਸ ਕਿਸਾਨਾਂ ਦੀ ਬਿਲਕੁਲ ਵੀ ਹਿਤੈਸ਼ੀ ਨਹੀਂ ਹੈ। ਉਨ੍ਹਾਂ ਕਿਹਾ ਕਿ ਤੁਸੀਂ ਦੇਖ ਸਕਦੇ ਹੋ ਕਿ ਕਾਂਗਰਸ ਦੇ ਸਮੇਂ ਅਤੇ ਭਾਜਪਾ ਦੇ ਸਮੇਂ, ਖ਼ਾਸ ਕਰਕੇ ਪ੍ਰਧਾਨ ਮੰਤਰੀ ਮੋਦੀ ਦੇ ਸਮੇਂ ਦੌਰਾਨ ਐਮਐਸਪੀ ਕੀ ਸੀ, ਤੁਹਾਨੂੰ ਆਪਣੇ ਆਪ ਪਤਾ ਲੱਗ ਜਾਵੇਗਾ। ਪਿਛਲੇ 10 ਸਾਲਾਂ ਵਿੱਚ ਐਮ ਐਸ ਪੀ 1.5 ਤੋਂ 2.3 ਗੁਣਾ ਵਧਿਆ ਹੈ ।2014 ਤੋਂ 21 ਤਕ 50 ਤੋਂ 83 % ਦਾ ਐਮ ਐਸ ਪੀ ਵਾਧਾ ਹੋਇਆ। ਪਰ ਇੱਕ ਹੋਰ ਦਿਲਚਸਪ ਗੱਲ ਇਹ ਹੈ ਕਿ ਕਾਂਗਰਸ ਦੇ ਸੰਸਦ ਮੈਂਬਰ ਗੁਰਜੀਤ ਔਜਲਾ ਕੇਂਦਰੀ ਖੇਤੀਬਾੜੀ ਕਮੇਟੀ ਦੇ ਮੈਂਬਰ ਵੀ ਹਨ। ਪਰ ਇਸ ਖੇਤੀ ਕਮੇਟੀ ਮੈਂਬਰ ਨੇ ਕਿਸਾਨਾਂ ਦੇ ਹੱਕ ਵਿੱਚ ਅਸਤੀਫ਼ਾ ਨਹੀਂ ਦਿੱਤਾ। ਪਰ ਮੈਂ ਕਦੇ ਨਹੀਂ ਦੇਖਿਆ ਕਿ ਕਿਸਾਨ ਜਥੇਬੰਦੀਆਂ ਨੇ ਕਦੇ ਉਨ੍ਹਾਂ ਨੂੰ ਰੋਕਿਆ ਹੋਵੇ। ਔਜਲੇ ਨੂੰ ਪੁੱਛਿਆ ਜਾਵੇ ਕਿ ਤੁਸੀਂ ਐਗਰੀਕਲਚਰ ਕਮੇਟੀ ਦੇ ਮੈਂਬਰ ਹੋ, ਫਿਰ ਤੁਸੀਂ ਸਾਡੇ ਇਲਾਕੇ ਲਈ ਸਾਡੇ ਕਿਸਾਨਾਂ ਲਈ ਕੀ ਕੀਤਾ ਹੈ ? ਉਸ ਨੇ ਕਦੇ ਵਿਰੋਧ ਨਹੀਂ ਕੀਤਾ, ਸੀ ਅਤੇ ਅਜੇ ਵੀ ਸੰਸਦੀ ਰਿਕਾਰਡ ਦਾ ਮੈਂਬਰ ਹੈ। ਸੰਧੂ ਸਮੁੰਦਰੀ ਨੇ ਕਿਹਾ ਕਿ ਖੇਤੀ ਨੂੰ ਲੈ ਕੇ ਸਿਆਸਤ ਨਹੀਂ ਹੋਣੀ ਚਾਹੀਦੀ, ਪਰ ਹੋ ਰਹੀ ਹੈ। ਸਾਨੂੰ ਕਿਸਾਨਾਂ ਦੀ ਆਮਦਨ ਵਧਾਉਣੀ ਚਾਹੀਦੀ ਹੈ। ਮੈਂ ਇੱਕ ਕਿਸਾਨ ਪਰਿਵਾਰ ਵਿੱਚੋਂ ਹਾਂ। ਮੈਂ ਬਹੁਤ ਸਪਸ਼ਟ ਪ੍ਰਸਤਾਵ ਰੱਖੇ ਹਨ ਜਿਸ ਨਾਲ ਅੰਮ੍ਰਿਤਸਰ ਦੇ ਕਿਸਾਨਾਂ ਦੀ ਆਮਦਨ ਵਧੇਗੀ ਅਤੇ ਜੇਕਰ ਕੋਈ ਇਸ ਨੂੰ ਵਧਾ ਸਕਦਾ ਹੈ ਤਾਂ ਮੈਂ ਉਸ ਦਾ ਵੀ ਸਵਾਗਤ ਕਰਾਂਗਾ। ਪਰ ਕਿਸੇ 'ਤੇ ਚਿੱਕੜ ਸੁੱਟਣਾ, ਵਿਰੋਧ ਕਰਨਾ ਅਤੇ ਸੜਕਾਂ ਜਾਮ ਕਰਨਾ ਆਦਿ ਨਹੀਂ ਹੋਣਾ ਚਾਹੀਦਾ। ਮੇਰਾ ਵਿਰੋਧ ਰਾਜਨੀਤੀ ਤੋਂ ਪ੍ਰੇਰਿਤ ਹੈ। ਸੰਧੂ ਸਮੁੰਦਰੀ ਨੇ ਕਿਹਾ ਕਿ ਕਿਸਾਨਾਂ ਦੀ ਆਮਦਨ ਵਧਾਉਣ ਲਈ ਮੈਂ ਉਨ੍ਹਾਂ ਨੂੰ ਹਵਾਈ ਕਾਰਗੋ ਰਾਹੀਂ ਖਾੜੀ ਦੇਸ਼ਾਂ ਨੂੰ ਫਲ਼ ਅਤੇ ਸਬਜ਼ੀਆਂ ਭੇਜਣ ਦਾ ਸੁਝਾਅ ਦਿੰਦਾ ਹਾਂ। ਕੀ ਕਦੇ ਕਿਸੇ ਨੇ ਗੱਲ ਕੀਤੀ ਹੈ ? ਕਿਸਾਨਾਂ ਨੂੰ ਸਮਝਾਉਣ ਦੀ ਕੋਸ਼ਿਸ਼ ਕੀਤੀ ? ਤੁਸੀਂ ਦੇਖੋ, ਹੁਣ ਵੀ ਕਿਸਾਨਾਂ ਨੂੰ ਗੁਮਰਾਹ ਕੀਤਾ ਜਾਂਦਾ ਹੈ, ਇਹ ਨਹੀਂ ਦੱਸਿਆ ਜਾਂਦਾ ਕਿ ਚੰਗੀਆਂ ਵਿਦੇਸ਼ੀ ਕੰਪਨੀਆਂ ਜਿਨ੍ਹਾਂ ਕੋਲ ਨਵੀਂ ਤਕਨੀਕ ਹੈ, ਉਹ ਹਵਾਈ ਜਹਾਜ਼ ਦੇ ਬਾਲਣ ਲਈ ਪਰਾਲੀ ਅਤੇ ਸੜਕਾਂ ਲਈ ਯੂਰਪ ਵਿਚ ਪਰਾਲੀ ਦੀ ਵਰਤੋਂ ਕਰ ਰਹੀਆਂ ਹਨ।

### ਵਪਾਰ ਤੇ ਉਦਯੋਗਿਕ ਵਿਕਾਸ ਤੋਂ ਬਿਨਾ ਵਿਕਾਸ ਯਾਤਰਾ ਨੂੰ ਆਕਾਰ ਨਹੀਂ ਦਿੱਤਾ ਜਾ ਸਕਦਾ

## ਅੰਮ੍ਰਿਤਸਰ 'ਚ ਵਪਾਰ ਨੂੰ ਪ੍ਰਫੁਲਿਤ ਕੀਤਾ ਜਾਵੇਗਾ: ਸੰਧੂ ਸਮੁੰਦਰੀ






ਅੰਮ੍ਰਿਤਸਰ, 18 ਮਈ ( ਆਵਾਜ਼ਿ ਕੌਮ ਬਿਊਰੋ) ਅੰਮ੍ਰਿਤਸਰ ਤੋਂ ਭਾਜਪਾ ਉਮੀਦਵਾਰ ਤਰਨਜੀਤ ਸਿੰਘ ਸੰਧੂ ਸਮੁੰਦਰੀ ਨੇ ਕਿਹਾ ਕਿ ਵਪਾਰਕ ਉੱਨਤੀ ਅਤੇ ਉਦਯੋਗਿਕ ਵਿਕਾਸ ਤੋਂ ਬਿਨਾ ਅੰਮ੍ਰਿਤਸਰ ਦੀ ਵਿਕਾਸ ਯਾਤਰਾ ਨੂੰ ਆਕਾਰ ਨਹੀਂ ਦਿੱਤਾ ਜਾ ਸਕਦਾ, ਇਸ ਲਈ ਅੰਮ੍ਰਿਤਸਰ ਦੀ ਇੰਡਸਟਰੀ ਅਤੇ ਵਪਾਰ ਨੂੰ ਪ੍ਰਫੁਲਿਤ ਕੀਤਾ ਜਾਣਾ ਜ਼ਰੂਰੀ ਹੈ। ਤਰਨਜੀਤ ਸਿੰਘ ਸੰਧੂ ਹੋਲੀ ਸਿਟੀ ਕਾਲੋਨੀ ਵਿਖੇ ਆਯੋਜਿਤ ਚਾਹ ਪਾਰਟੀ 'ਚ ਸ਼ਿਰਕਤ ਕਰਨ ਆਏ ਸਨ, ਨੇ ਕਿਹਾ ਕਿ ਨਰਿੰਦਰ ਮੋਦੀ ਸਰਕਾਰ ਦਾ ਅਗਲਾ ਲਕਸ਼ ਅੰਮ੍ਰਿਤਸਰ ਦੇ ਵਿਚ ਵਪਾਰ ਅਤੇ ਇੰਡਸਟਰੀ ਨੂੰ ਮੁੜ ਲੀਹਾਂ 'ਤੇ ਲਿਆਉਣ ਦਾ ਹੈ। ਉਨ੍ਹਾਂ ਕਿਹਾ ਕਿ ਅੰਮ੍ਰਿਤਸਰ 'ਚ ਵਪਾਰ ਅਤੇ ਲਘੂ ਉਦਯੋਗ ਨੂੰ ਸਥਾਪਿਤ ਕਰਨ ਲਈ ਗੁਰੂ ਸਾਹਿਬਾਨ ਨੇ ਵੱਖ ਵੱਖ ਖੇਤਰਾਂ ਤੋਂ ਮਾਹਿਰ ਕਾਰੀਗਰਾਂ ਅਤੇ ਵਪਾਰੀਆਂ ਨੂੰ ਵਸਾਇਆ। ਦੇਸ਼ ਦੀ ਅਜ਼ਾਦੀ ਸਮੇਂ ਇਹ ਸ਼ਹਿਰ ਵਪਾਰ ਅਤੇ ਉਦਯੋਗ ਪੱਖੋਂ ਕਿਸੇ ਤੋਂ ਪਿੱਛੇ ਨਹੀਂ ਸੀ। ਪਰ ਅੱਜ ਸਥਿਤੀ ਬਦਲ ਚੁੱਕੀ ਹੈ। ਅੱਜ ਅਮਨ ਕਾਨੂੰਨ ਦੀ ਖ਼ਰਾਬ ਹਾਲਤਾਂ ਅਤੇ ਨਸ਼ਿਆਂ ਦੇ ਪਸਾਰੇ ਨੇ ਪੂਜੀ ਨਿਵੇਸ਼ਕਾਂ ਨੂੰ ਜਿੱਥੇ ਆਉਣ ਤੋਂ ਦੂਰ ਕੀਤਾ ਹੋਇਆ ਹੈ। ਉੱਥੇ ਹੀ ਸੂਬਾ ਸਰਕਾਰ ਵੱਲੋਂ ਸਹੂਲਤਾਂ ਦੇਣ 'ਚ ਨਾਕਾਮੀ ਨੇ ਇੱਥੋਂ ਦੀ ਇੰਡਸਟਰੀ ਦਾ ਵੀ ਕਾਫ਼ੀ ਭੋਗ ਪਾ ਦਿੱਤਾ ਹੈ। ਉਨ੍ਹਾਂ ਕਿਹਾ ਕਿ ਸਰਕਾਰਾਂ ਅਤੇ ਲੋਕ ਸਭਾ ਮੈਂਬਰ ਨੂੰ ਇਸ ਪਾਸੇ ਧਿਆਨ ਦੇਣ ਦੀ ਲੋੜ ਸੀ, ਪਰ ਇਥੇ ਸਾਡੇ ਚੁਣੇ ਹੋਏ ਸਾਂਸਦ ਗੁਰਜੀਤ ਔਜਲਾ ਆਪਣੇ ਘਰ ਸਾਹਮਣੇ ਵਗਦਾ ਗੰਦਾ ਨਾਲੇ ਦਾ ਮਸਲਾ ਨਹੀਂ ਸੁਲਝਾ ਸਕਿਆ ਹੋਰ ਉਸ ਤੋਂ ਕੀ ਉਮੀਦ ਰੱਖੀ ਜਾ ਸਕਦੀ ਹੈ। ਉਨ੍ਹਾਂ ਕਿਹਾ ਅੰਮ੍ਰਿਤਸਰ ਦੇ ਮੈਂਬਰ ਪਾਰਲੀਮੈਂਟ ਅਤੇ ਰਾਜ ਸਰਕਾਰ ਦੇ ਮੰਤਰੀ ਤੋਂ ਇਹ ਵੀ ਨਹੀਂ ਹੋਇਆ ਕਿ ਸ਼ਹਿਰ ਦੀ ਗੰਦਗੀ ਨੂੰ ਹੀ ਸਾਫ਼ ਕਰਾ ਲਿਆ ਜਾਵੇ। ਉਨ੍ਹਾਂ ਕਿਹਾ ਕਿ ਸੈਰ ਕਰਨ ਲਈ ਲੋਕ ਸੈਰਗਾਹ ਜਾਂ ਪਾਰਕਾਂ ਵਿਚ ਜਾਂਦੇ ਹਨ, ਪਰ ਉੱਥੇ ਨੇੜੇ ਹੀ ਗੰਦਗੀ ਦੇ ਢੇਰ ਹਨ ਅਤੇ ਅੱਗਾਂ ਲੱਗੀਆਂ ਹੁੰਦੀਆਂ ਹਨ, ਜਿਸ ਨਾਲ ਹਾਨੀਕਾਰਕ ਧੂਹਾਂ ਫੇਫੜਿਆਂ 'ਚ ਜਾ ਰਿਹਾ ਹੁੰਦਾ ਹੈ। ਉਨ੍ਹਾਂ ਕਿਹਾ ਕਿ ਕਈ ਇਲਾਕਿਆਂ 'ਚ ਨਸ਼ੇ ਦੀ ਸਮੱਸਿਆ ਤਾਂ ਹੈ ਹੀ, ਪਰ ਉੱਥੇ ਸੀਵਰੇਜ ਦੀ ਸਮੱਸਿਆ ਨਾਲ ਲੋਕਾਂ ਦਾ ਜਿਊਂਣਾ ਵੀ ਮੁਸ਼ਕਲ ਬਣਿਆ ਹੋਇਆ ਹੈ। ਸੰਧੂ ਸਮੁੰਦਰੀ ਨੇ ਕਿਹਾ ਕਿ ਅੰਮ੍ਰਿਤਸਰ ਦੇ ਵਪਾਰ ਨੂੰ ਪ੍ਰਫੁਲਿਤ ਕਰਨ ਲਈ ਅਨੇਕਾਂ ਅਵਸਰ ਹੁਣ ਵੀ ਹਨ। ਸਾਨੂੰ ਅੰਮ੍ਰਿਤਸਰ ਏਅਰ ਕਾਰਗੋ ਦੀ ਵਰਤੋਂ ਸੌ ਫ਼ੀਸਦੀ ਕਰਨ ਦੀ ਲੋੜ ਹੈ, ਜੋ ਹੁਣ ਕੇਵਲ 20 ਫ਼ੀਸਦੀ ਵਰਤੋਂ ਕੀਤੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਕਿਸਾਨ ਅਤੇ ਵਪਾਰੀਆਂ ਦੇ ਆਮਦਨੀ ਵਧਾਉਣ ਲਈ ਫਲ਼ ਅਤੇ ਸਬਜ਼ੀਆਂ ਖਾੜੀ ਅਤੇ ਯੂਰਪ ਨੂੰ ਭੇਜੀਆਂ ਜਾ ਸਕਦੀਆਂ ਹਨ। ਉਨ੍ਹਾਂ ਕਿਹਾ ਕਿ ਅਟਾਰੀ ਬਾਡਰ ਰਾਹੀਂ ਯੂ ਏ ਈ ਅਤੇ ਹੋਰ ਖਾੜੀ ਦੇਸ਼ਾਂ ਨਾਲ ਵਪਾਰ ਨੂੰ ਉਤਸ਼ਾਹਿਤ ਕੀਤਾ ਜਾਵੇਗਾ। ਉੱਥੇ ਹੀ ਅੰਮ੍ਰਿਤਸਰ ਮਖੂ ਹੁੰਦਾ ਹੋਇਆ ਗੁਜਰਾਤ ਪੋਰਟ ਰਾਹੀਂ ਯੂਰਪ ਤਕ ਪਹੁੰਚ ਬਣਾਈ ਜਾ ਸਕਦੀ ਹੈ। ਉਨ੍ਹਾਂ ਹੈਰਾਨੀ ਪ੍ਰਗਟ ਕਰਦਿਆਂ ਕਿਹਾ ਕਿ ਰਾਜ ਸਰਕਾਰ ਮਖੂ ਤੇ ਪੱਟੀ 25 ਕਿੱਲੋਮੀਟਰ ਰੇਲ ਲਿੰਕ ਨੂੰ ਜੋੜਨ ਲਈ ਵੀ ਆਨਾਕਾਨੀ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਅਮਰੀਕਾ ਅਤੇ ਕੈਨੇਡਾ ਨਾਲ ਏਅਰ ਕੁਨੈਕਟੀਵਿਟੀ ਵਧਾਉਣ ਦੇ ਉਪਰਾਲੇ ਕੀਤੇ ਜਾਣਗੇ। ਜਿਸ ਨਾਲ ਅੰਮ੍ਰਿਤਸਰ ਦੀ ਟੂਰਿਜ਼ਮ ਨੂੰ ਵਧਾਉਣ 'ਚ ਮਦਦ ਮਿਲੇਗੀ। ਉਨ੍ਹਾਂ ਕਿਹਾ ਕਿ ਸਟਾਰਟਅੱਪ ਮੋਦੀ ਸਰਕਾਰ ਦਾ ਵਧੀਆ ਉਪਰਾਲਾ ਹੈ। ਨੌਜਵਾਨ ਆਪਣਾ ਕਾਰੋਬਾਰ ਸ਼ੁਰੂ ਕਰ ਸਕਦੇ ਹਨ। ਉਨ੍ਹਾਂ ਕਿਹਾ ਕਿ ਅੰਮ੍ਰਿਤਸਰ ਨਾਲ ਸੰਬੰਧਿਤ ਅਮਰੀਕਾ ਪਰਵਾਸੀ ਭਾਈਚਾਰੇ ਨੇ 'ਵਿਕਸਿਤ ਅੰਮ੍ਰਿਤਸਰ ਇਨਵੈਸਟਮੈਂਟ' ਦਾ ਗਠਨ ਕਰਦਿਆਂ ਅੰਮ੍ਰਿਤਸਰ ਵਿੱਚ ਨੌਜਵਾਨ ਉੱਦਮੀਆਂ ਨੂੰ ਰੋਜ਼ਗਾਰ ਅਤੇ ਆਪਣਾ ਸਟਾਰਟ-ਅੱਪ ਸ਼ੁਰੂ ਕਰਨ 'ਚ ਮਦਦ ਕਰਨ ਲਈ ਇਕ ਸੌ ਮਿਲੀਅਨ ਡਾਲਰ ਭਾਵ ਕਿ 850 ਕਰੋੜ ਤੋਂ ਵੱਧ ਦੀ ਰਕਮ ਜੁਟਾਈ ਹੈ। ਸੰਧੂ ਸਮੁੰਦਰੀ ਨੇ ਕਿਹਾ ਕਿ ਜੋ ਮੇਰੇ ਦਾਦਾ ਜੀ ਸ਼ਹੀਦ ਸਰਦਾਰ ਤੇਜਾ ਸਿੰਘ ਸਮੁੰਦਰੀ ਨੇ ਮਾਝੇ ਦੀ ਸੇਵਾ ਕੀਤੀ ਅਤੇ ਮੇਰੇ ਪਿਤਾ ਸ. ਬਿਸ਼ਨ ਸਿੰਘ ਸਮੁੰਦਰੀ ਅਤੇ ਮਾਤਾ ਜਗਜੀਤ ਕੌਰ ਨੇ ਸਿੱਖਿਆ ਦੇ ਖੇਤਰ ਵਿਚ ਸੇਵਾ ਕੀਤੀ, ਹੁਣ ਮੇਰੀ ਵਾਰੀ ਹੈ ਕਿ ਮੈਂ ਵੀ ਲੋਕਾਂ ਦੀ ਸੇਵਾ ਕਰਾਂ। ਇਸ ਮੌਕੇ ਬੋਲਦਿਆਂ ਚਾਹ ਪਾਰਟੀ ਦੇ ਆਯੋਜਕ ਆਰ ਐਸ ਚਾਵਲਾ ਨੇ ਕਿਹਾ ਕਿ ਸੰਧੂ ਸਮੁੰਦਰੀ ਤੋਂ ਅੰਮ੍ਰਿਤਸਰ ਨੂੰ ਵੱਡੀ ਆਸ ਹੈ। ਉਨ੍ਹਾਂ ਕਿਹਾ ਕਿ ਉਦਯੋਗਿਕ ਖੇਤਰ ਅਤੇ ਵਪਾਰ ਨੂੰ ਪ੍ਰਫੁਲਿਤ ਕਰਨ ਲਈ ਸੰਧੂ ਸਮੁੰਦਰੀ ਦਾ ਸਾਥ ਦਿੱਤਾ ਜਾਵੇਗਾ। ਉਨ੍ਹਾਂ ਇਕ ਜੂਨ ਨੂੰ ਕਮਲ ਦੇ ਫੁੱਲ 'ਤੇ ਵੋਟ ਕਰਦਿਆਂ ਭਾਜਪਾ ਉਮੀਦਵਾਰ ਸੰਧੂ ਸਮੁੰਦਰੀ ਨੂੰ ਜਿੱਤ ਦਿਵਾਉਣ ਦੀ ਅਪੀਲ ਕੀਤੀ। ਇਸ ਮੌਕੇ ਸੰਤੋਖ ਸਿੰਘ ਗੁੰਮਟਾਲਾ ਵੀ ਮੌਜੂਦ ਸਨ।

ਆਵਾਜ਼ਿ ਕੌਮ AWAZE QAUM International Newspaper & WEB TV

# ਇੱਕ ਨਜ਼ਰ



## ਲੋਕ ਸਭਾ ਚੋਣਾਂ ਦੇ ਭਖੇ ਦੰਗਲ 'ਚ ਕਾਂਗਰਸ ਨੂੰ ਲੱਗਾ ਝਟਕਾ, ਅਨੇਕਾਂ ਪਰਿਵਾਰਾਂ ਅਕਾਲੀ ਦਲ 'ਚ ਸ਼ਾਮਿਲ

ਫ਼ਿਰੋਜ਼ਪੁਰ, 18 ਮਈ (ਮਨੋਹਰ ਲਾਲ) : ਲੋਕ ਸਭਾ ਚੋਣਾਂ ਦੇ ਚਲਦਿਆਂ ਜਿਥੇ ਉਮੀਦਵਾਰਾਂ ਵੱਲੋਂ ਅੱਡੀ ਚੋਟੀ ਦਾ ਜ਼ੋਰ ਲਗਾਇਆ ਜਾ ਰਿਹਾ ਹੈ, ਉਥੇ ਪਾਰਟੀ ਅਹੁਦੇਦਾਰਾਂ ਤੇ ਵਰਕਰਾਂ ਵੱਲੋਂ ਵੀ ਆਪੋ—ਆਪਣੀ ਬਣਦੀ ਜਿੰਮੇਵਾਰੀ ਅਦਾ ਕੀਤੀ ਜਾ ਰਹੀ ਹੈ ਅਤੇ ਇਸੀ ਦੇ ਚਲਦਿਆਂ ਪਿੰਡ ਚੰਗਾਲੀ ਕਦੀਮ ਦੇ ਸਾਬਕਾ ਸਰਪੰਚ ਮੋਹਨਜੀਤ ਸਿੰਘ ਦੀ ਪ੍ਰੇਰਨਾ ਸਦਕਾ ਅਨੇਕਾਂ ਪਰਿਵਾਰਾਂ ਨੇ ਕਾਂਗਰਸ ਨੂੰ ਅਲਵਿਦਾ ਆਖ ਸ਼੍ਰੋਮਣੀ ਅਕਾਲੀ ਦਲ ਬਾਦਲ ਵਿਚ ਸ਼ਮੂਲੀਅਤ ਕੀਤੀ। ਇਸ ਮੌਕੇ ਸਾਬਕਾ ਵਿਧਾਇਕ ਜ਼ੋਗਿੰਦਰ ਸਿੰਘ ਜਿੰਦੂ ਦੇ ਸਪੁੱਤਰ ਸੁਰਿੰਦਰ ਸਿੰਘ ਬੱਬੂ ਪ੍ਰਧਾਨ ਵੱਲੋਂ ਪਿੰਡ ਚੰਗਾਲੀ ਕਦੀਮ ਪਹੁੰਚ ਕੇ ਪਾਰਟੀ ਵਿਚ ਸ਼ਾਮਿਲ ਹੋਣ ਵਾਲਿਆਂ ਦਾ ਸਵਾਗਤ ਕੀਤਾ ਗਿਆ ਅਤੇ ਸਰਪੰਚ ਮੋਹਨਜੀਤ ਸਿੰਘ ਦੀ ਪ੍ਰਸੰਸਾ ਕੀਤੀ ਗਈ। ਪਿੰਡ ਚੰਗਾਲੀ ਕਦੀਮ ਦੇ ਸਾਬਕਾ ਸਰਪੰਚ ਮੋਹਨਜੀਤ ਸਿੰਘ ਦੀ ਪ੍ਰੇਰਣਾ ਸਦਕਾ ਅਵਤਾਰ ਸਿੰਘ ਸਾਬਕਾ ਮੈਂਬਰ ਪੰਚਾਇਤ, ਦੁੱਲਾ ਸਿੰਘ ਮੈਂਬਰ, ਬਲਵਿੰਦਰ ਸਿੰਘ ਬਿੰਦਰ, ਬਿੱਕਰ ਸਿੰਘ, ਸੁਖਦੇਵ ਸਿੰਘ, ਪੂਰਨ ਸਿੰਘ, ਸੁਖਵਿੰਦਰ ਸਿੰਘ, ਬਲਦੇਵ ਸਿੰਘ ਮੈਂਬਰ ਆਦਿ ਆਗੂਆਂ ਵੱਲੋਂ ਆਪਣੇ ਪਰਿਵਾਰਾਂ ਸਮੇਤ ਕਾਂਗਰਸ ਨੂੰ ਅਲਵਿਦਾ ਆਖਦਿਆਂ ਸ਼੍ਰੋਮਣੀ ਅਕਾਲੀ ਦਲ ਬਾਦਲ ਦੀਆਂ ਨੀਤੀਆਂ ਤੇ ਚੱਲਣ ਦਾ ਐਲਾਨ ਕੀਤਾ। ਸਾਬਕਾ ਮੈਂਬਰ ਕਨਟੋਨਮੈਂਟ ਬੋਰਡ ਸੁਰਿੰਦਰ ਸਿੰਘ ਬੱਬੂ ਪ੍ਰਧਾਨ ਨੇ ਕਿਹਾ ਕਿ ਸਰਪੰਚ ਮੋਹਨਜੀਤ ਸਿੰਘ ਦੀ ਪ੍ਰੇਰਣਾ ਸਦਕਾ ਸ਼੍ਰੋਮਣੀ ਅਕਾਲੀ ਦਲ ਵਿਚ ਸ਼ਾਮਲ ਹੋਏ ਪਰਿਵਾਰਾਂ ਦਾ ਪਾਰਟੀ ਸੁਪਰੀਮੋ ਸੁਖਬੀਰ ਸਿੰਘ ਬਾਦਲ ਸਮੇਤ ਸਾਬਕਾ ਵਿਧਾਇਕ ਜ਼ੋਗਿੰਦਰ ਸਿੰਘ ਜਿੰਦੂ, ਨਰਦੇਵ ਸਿੰਘ ਬੋਬੀ ਮਾਨ ਵੱਲੋਂ ਵੀ ਸਵਾਗਤ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਪੰਜਾਬ ਦੀ ਲੰਬਾ ਸਮਾਂ ਸੇਵਾ ਕਰਨ ਵਾਲੀ ਪਾਰਟੀ ਸ਼੍ਰੋਮਣੀ ਅਕਾਲੀ ਦਲ ਬਾਦਲ ਨਾਲ ਪੰਜਾਬ ਦਾ ਹਰ ਵਰਗ ਚਟਾਂਨ ਦੀ ਤਰ੍ਹਾਂ ਖੜ੍ਹਾ ਹੈ।

## ਲੋਕ ਸਭਾ ਹਲਕਾ ਫ਼ਿਰੋਜ਼ਪੁਰ ਤੇ ਭਾਜਪਾ ਉਮੀਦਵਾਰ ਰਾਣਾ ਸੋਢੀ ਨੂੰ ਜਿਤਾ ਕੇ ਪਾਰਲੀਮੈਂਟ ਵਿਚ ਭੇਜ਼ ਕੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਹੱਥ ਕਰੋ ਮਜ਼ਬੂਤ: ਜੁਗਰਾਜ ਸਿੰਘ ਕਟੋਰਾ

ਫ਼ਿਰੋਜ਼ਪੁਰ, 18 ਮਈ (ਮਨੋਹਰ ਲਾਲ) :— ਲੋਕ ਸਭਾ ਹਲਕਾ ਫ਼ਿਰੋਜ਼ਪੁਰ ਤੋਂ ਬੀ.ਜੇ.ਪੀ ਦੇ ਉਮੀਦਵਾਰ ਰਾਣਾ ਗੁਰਮੀਤ ਸਿੰਘ ਸੋਢੀ ਨੂੰ ਭਾਰੀ ਗਿਣਤੀ ਵਿਚ ਵੋਟਾਂ ਪਾ ਕੇ ਪਾਰਲੀਮੈਂਟ ਵਿਚ ਭੇਜ਼ ਕੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਹੱਥ ਮਜ਼ਬੂਤ ਕਰੋ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਕਰਦਿਆਂ ਜੁਗਰਾਜ ਸਿੰਘ ਕਟੋਰਾ ਸਾਬਕਾ ਚੇਅਰਮੈਨ ਮਾਰਕੀਟ ਕਮੇਟੀ ਫ਼ਿਰੋਜ਼ਪੁਰ ਅਤੇ ਸਾਬਕਾ ਜ਼ਿਲ੍ਹਾ ਪ੍ਰਧਾਨ ਬੀ.ਜੇ.ਪੀ ਫ਼ਿਰੋਜ਼ਪੁਰ ਅਤੇ ਕੈਪਰਟ ਸੈਲ ਦੇ ਸੂਬਾ ਪ੍ਰਧਾਨ ਨੇ ਗੱਲਬਾਤ ਕਰਦਿਆਂ ਕਿਹਾ ਕਿ ਪ੍ਰਧਾਨ ਮੰਤਰੀ ਸ੍ਰੀ ਨਰਿੰਦਰ ਮੋਦੀ ਨੇ ਪਿਛਲੇ 10 ਸਾਲਾਂ ਤੋਂ ਜ਼ੋ ਵਿਕਾਸ ਦੇ ਕੰਮ ਕੀਤੇ ਹਨ, ਉਹ ਸਭ ਨੂੰ ਪਤਾ ਹੈ, ਇਤਿਹਾਸ ਗਵਾਹ ਹੈ ਕਿ ਅਯੋਧਿਆ ਵਿਚ ਸ੍ਰੀ ਰਾਮ ਮੰਦਿਰ ਬਣਾਉਣਾ ਜ਼ੋ ਕਿ ਕਰੋੜਾਂ ਲੋਕਾਂ ਦੀ ਸ਼ਰਧਾ ਹੈ, ਇਸ ਰਾਮ ਮੰਦਿਰ ਲਈ ਲੱਖਾਂ—ਕਰੋੜਾਂ ਲੋਕਾਂ ਨੇ ਸ਼ਹਾਦਤਾਂ ਦਿੱਤੀਆਂ, ਜ਼ੋ ਕਿ ਸੈਂਕੜੇ ਸਾਲਾਂ ਤੋਂ ਦਿੰਦੇ ਆ ਰਹੇ ਹਨ, ਪਰ ਪ੍ਰਧਾਨ ਮੰਤਰੀ ਮੋਦੀ ਨੇ ਅਯੋਧਿਆ ਵਿਚ ਰਾਮ ਮੰਦਿਰ ਬਣਾ ਕੇ ਇਤਿਹਾਸ ਰਚਿਆ ਹੈ। ਉਨ੍ਹਾਂ ਕਿਹਾ ਕਿ ਪ੍ਰਧਾਨ ਮੰਤਰੀ ਸ੍ਰੀ ਨਰਿੰਦਰ ਮੋਦੀ ਵੱਲੋਂ ਇਸ ਤੋਂ ਇਲਾਵਾ ਹੋਰ ਵੀ ਅਨੇਕਾਂ ਸ਼ਲਾਘਾਯੋਗ ਕਾਰਜ ਕੀਤੇ ਹਨ ਜਿਵੇਂ ਕਿ ਕਿਸਾਨਾਂ ਦੇ ਖਾਤਿਆਂ ਵਿਚ ਖੇਤੀਬਾੜੀ ਲਈ 6 ਹਜ਼ਾਰ ਰੁਪਏ ਪਾਉਣੇ, ਗਰੀਬਾਂ ਨੂੰ ਮੁਫਤ ਕਣਕ ਰਾਸ਼ਨ ਦੇਣ ਤੋਂ ਇਲਾਵਾ ਹੋਰ ਵੀ ਵਿਕਾਸ ਦੇ ਕੰਮਾਂ ਦੀ ਝੜੀ ਲਗਾ ਦਿੱਤੀ, ਇਹ ਸਭ ਕੁਝ ਵੇਖਦੇ ਹੋਏ ਵੱਧ ਤੋਂ ਵੱਧ ਵੋਟਾਂ ਪਾ ਕੇ ਭਾਜਪਾ ਦੇ ਹਲਕਾ ਫ਼ਿਰੋਜ਼ਪੁਰ ਤੋਂ ਉਮੀਦਵਾਰ ਰਾਣਾ ਗੁਰਮੀਤ ਸਿੰਘ ਸੋਢੀ ਨੂੰ ਭਾਰੀ ਵੋਟਾਂ ਪਾ ਕੇ ਜਿਤਾਉ ਅਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਹੱਥ ਮਜ਼ਬੂਤ ਕਰੋ।



## ਸੰਤ ਬਾਬਾ ਗਿਆਨੀ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂ ਵਾਲਿਆਂ ਦਾ ਜਨਮ ਦਿਹਾੜਾ 2 ਜੂਨ ਨੂੰ: ਭਾਈ ਕ੍ਰਿਪਾ ਸਿੰਘ ਨੱਥੂ ਵਾਲਾ

ਫ਼ਿਰੋਜ਼ਪੁਰ, 18 ਮਈ (ਮਨੋਹਰ ਲਾਲ) :— ਵੀਹਵੀਂ ਸਦਾ ਕੇ ਮਹਾਨ ਜਰਨੈਲ ਸੰਤ ਬਾਬਾ ਗਿਆਨੀ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂ ਵਾਲਿਆਂ ਦਾ ਜਨਮ ਦਿਹਾੜੇ 2 ਜੂਨ 2024 ਦਿਨ ਐਤਵਾਰ ਨੂੰ ਪਿੰਡ ਰੋਡੇ ਜ਼ਿਲ੍ਹਾ ਮੋਗਾ ਵਿਖੇ ਦਾਣਾ ਮੰਡੀ ਵਿਚ ਖੁੱਲੇ ਪੰਡਾਲ ਵਿਚ ਇਕ ਧਾਰਮਿਕ ਸਮਾਗਮ ਕਰਕੇ ਮਨਾਇਆ ਜਾ ਰਿਹਾ ਹੈ। ਇਹ ਜਾਣਕਾਰੀ ਇੰਟਰਨੈਸ਼ਨਲ ਪੰਥਕ ਦਲ ਦੇ ਕਿਸਾਨ ਬਚਾਓ ਮਰਚੇ ਦੇ ਭਾਈ ਕਿਰਪਾ ਸਿੰਘ ਨੱਥੂ ਵਾਲਾ ਪੰਜਾਬ ਪ੍ਰਧਾਨ ਨੇ ਅੱਜ ਗੱਲਬਾਤ ਕਰਦਿਆਂ ਦੱਸਿਆ ਕਿ ਇਸ ਮੌਕੇ ਤੇ ਭਾਰੀ ਗਿਣਤੀ ਵਿਚ ਸੰਗਤਾਂ ਦੇਸ਼ਾਂ—ਵਿਦੇਸ਼ਾਂ ਤੋਂ ਹਾਜ਼ਰੀ ਭਰਨਗੀਆਂ। ਇਹ ਸਮਾਗਮ ਸਿੰਘ ਸਾਹਿਬ ਭਾਈ ਜ਼ਸਵੀਰ ਸਿੰਘ ਖਾਲਸ ਸਾਬਕਾ ਜਥੇਦਾਰ ਸ੍ਰੀ ਅਕਾਲ ਤਖਤ ਸਾਹਿਬ, ਖਾਲਸਾ ਸਾਬਕਾ ਜਥੇਦਾਰ ਸ੍ਰੀ ਅਕਾਲ ਤਖਤ ਸਾਹਿਬ ਅਤੇ ਸਰਪ੍ਰਸਤ ਇੰਟਰਨੈਸ਼ਨਲ ਪੰਥਕ ਦਲ ਦੇ ਰਹਿਨੁਮਾਈ ਹੇਠ ਹੋ ਰਿਹਾ ਹੈ। ਭਾਈ ਕ੍ਰਿਪਾ ਸਿੰਘ ਨੇ ਅੱਗੇ ਦੱਸਿਆ ਕਿ ਲੋਕਾਂ ਵਿਚ ਪਿੰਡ ਰੋਡੇ 2 ਜੂਨ ਨੂੰ ਪਹੁੰਚਣ ਬਾਰੇ ਕਾਫੀ ਖੁਸ਼ੀ ਪਾਈ ਜਾ ਰਹੀ ਹੈ, ਉਨ੍ਹਾਂ ਸਮੂਹ ਪੰਜਾਬ ਭਰ ਦੀਆਂ ਸੰਗਤਾਂ ਅੱਗੇ ਬੇਨਤੀ ਕੀਤੀ ਕਿ ਉਹ ਆਪਣੇ ਪਰਿਵਾਰ ਸਮੇਤ ਪਹੁੰਚ ਕੇ ਆਏ ਹੋਏ ਮਹਾਂਪੁਰਸ਼ਾਂ ਦੇ ਵਿਚਾਰ ਸੁਣ ਕੇ ਆਪਣਾ ਜੀਵਨ ਸਫਲਾ ਬਣਾਉ।



## ਵਣ ਗਾਰਡ ਦੀ ਪਤਨੀ ਦੀ ਮੌਤ ਤੇ ਮੁਲਾਜ਼ਮਾਂ ਕੀਤਾ ਦੁੱਖ ਦਾ ਇਜਹਾਰ, 19 ਨੂੰ ਹੋਵੇਗੀ ਅੰਤਿਮ ਅਰਦਾਸ

ਫ਼ਿਰੋਜ਼ਪੁਰ, 18 ਮਈ (ਮਨੋਹਰ ਲਾਲ) : ਪੰਜਾਬ ਫੋਰੈਸਟ ਪੈਨਸ਼ਨਰ ਵੈਲਫੇਅਰ ਐਸੋਸੀਏਸ਼ਨ ਦੇ ਜਨਰਲ ਸਕੱਤਰ ਮੁਹਿੰਦਰ ਸਿੰਘ ਧਾਲੀਵਾਲ ਨੇ ਜਾਣਕਾਰੀ ਸਾਂਝੀ ਕਰਦਿਆਂ ਕਿਹਾ ਕਿ ਪਿਛਲੇ ਦਿਨੀਂ ਸ੍ਰੀ ਜਗੀਰ ਸਿੰਘ ਮ੍ਰਿਤਕ ਵਣ ਗਾਰਡ ਦੀ ਪਤਨੀ ਸ੍ਰੀਮਤੀ ਸਵਰਨਜੀਤ ਕੌਰ ਕੈਂਸਰ ਦੀ ਭਿਆਨਕ ਬਿਮਾਰੀ ਨਾਲ ਲੜਦੀ ਜ਼ਿੰਦਗੀ ਦੀ ਜੰਗ ਹਾਰ ਗਈ ਅਤੇ ਮਿਤੀ 17 ਮਈ ਨੂੰ ਉਸ ਦੀ ਮੌਤ ਹੋ ਗਈ ਸੀ, ਜਿਸ ਦੀ ਅੰਤਿਮ ਅਰਦਾਸ 19 ਮਈ ਨੂੰ ਗੁਰਦੁਆਰਾ ਸਾਹਿਬ ਪਿੰਡ ਡਰੋਲੀ ਭਾਈ ਫਿਰਨੀ ਦੇ ਨਜਦੀਕ ਹੋਵੇਗੀ। ਐਸੋਸੀਏਸ਼ਨ ਦੇ ਸਰਪ੍ਰਸਤ ਜਗਦੀਪ ਸਿੰਘ ਢਿੱਲੋ ਪ੍ਰਧਾਨ ਬਲਵਿੰਦਰ ਸਿੰਘ ਸੰਧੂ, ਬਲਜੀਤ ਸਿੰਘ ਕੰਗ ਖਜਾਨਚੀ ਭਜਨ ਸਿੰਘ, ਮਲਕੀਤ ਸਿੰਘ ਆਨੰਦਪੁਰ ਸਾਹਿਬ ਸੀਨੀਅਰ ਮੀਤ ਪ੍ਰਧਾਨ ਰਸ਼ਪਾਲ ਸਿੰਘ, ਸੁਰਿੰਦਰ ਸਿੰਘ ਮੀਤ ਪ੍ਰਧਾਨ ਰਵੀ ਕੁਮਾਰ ਬਰਗਾੜੀ, ਸੁਖਪਾਲ ਸਿੰਘ ਰਾਮੇਆਣਾ, ਮਨਜੀਤ ਸਿੰਘ ਖਰੜ, ਰਣਧੀਰ ਸਿੰਘ ਚਕਲ, ਸਤਪਾਲ ਸਿੰਘ, ਦਰਸ਼ਨ ਸਿੰਘ ਜਲੰਧਰ, ਸ਼ਾਮ ਲਾਲ ਚਾਵਲਾ ਆਦਿ ਤੋਂ ਇਲਾਵਾ ਵਣ ਮੁਲਾਜ਼ਮ ਆਗੂ ਹਰਦੀਪ ਸਿੰਘ ਪਨੇਸਰ, ਕੁਲਦੀਪ ਸਿੰਘ ਡੋਗਰਾ, ਸਿਮਰਨਜੀਤ ਸਿੰਘ ਪੰਜਾਬ ਸੁਬਾਰਡੀਨੇਟ ਸਰਵਿਸਜ਼ ਫੈਡਰੇਸ਼ਨ ਦੇ ਪ੍ਰਧਾਨ ਗੁਰਦੇਵ ਸਿੰਘ ਸਿਧੂ, ਜਗਦੀਪ ਸਿੰਘ ਮਾਂਗਟ ਸਾਂਝੇ ਮੋਰਚੇ ਦੇ ਕਨਵੀਨਰ ਸ੍ਰੀ ਸ਼ਬੇਗ ਸਿੰਘ ਕੋ—ਕਨਵੀਨਰ ਜਸਪਾਲ ਸਿੰਘ, ਅਜੀਤ ਸਿੰਘ ਸੋਢੀ ਜਨਤਕ ਜਥਬੰਦੀਆਂ ਦੇ ਸਾਂਝੇ ਮੋਰਚੇ ਦੇ ਪ੍ਰਧਾਨ ਸੁਰਿੰਦਰ ਸਿੰਘ ਆਦਿ ਹਾਜਰ ਸਨ।

### 19 ਮਈ ਨੂੰ ਬਰਸੀ 'ਤੇ ਵਿਸ਼ੇਸ਼

# ਬਿਰਧ ਸਰੂਪਾਂ ਦੀ ਸੰਭਾਲ ਤੇ ਸੇਵਾ ਕਰਨ ਵਾਲੇ ਬਾਬਾ ਨਰਿੰਦਰ ਸਿੰਘ

**ਬਾਬਾ ਨਰਿੰਦਰ ਸਿੰਘ ਜੀ 1968 ਵਿੱਚ ਸ਼੍ਰੀ ਹੇਮਕੁੰਟ ਸਾਹਿਬ ਦੇ ਦਰਸ਼ਨ ਕਰਨ ਗਏ। ਦੋ ਮਿੰਨੀ ਬੱਸਾਂ ਯਾਤਰਾ 'ਚ ਸਨ। ਬਾਬਾ ਨਰਿੰਦਰ ਸਿੰਘ ਜੀ ਅੱਗੇ ਜਾ ਰਹੀ ਬੱਸ ਵਿੱਚ ਸਫ਼ਰ ਕਰ ਰਹੇ ਸਨ। ਇੱਕ ਵਿਅਕਤੀ ਨੇ ਆ ਕੇ ਉਹਨਾਂ ਨੂੰ ਕਿਹਾ ਕਿ ਦੂਜੀ ਬੱਸ ਵਿੱਚ...**



ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਬਿਰਧ ਸਰੂਪਾਂ, ਗੁਟਕਿਆਂ, ਪੋਥੀਆਂ ਦੀ ਸੇਵਾ-ਸੰਭਾਲ ਕਰਨ ਵਾਲੇ ਬਾਬਾ ਨਰਿੰਦਰ ਸਿੰਘ ਜੀ ਦਾ ਜਨਮ 11 ਨਵੰਬਰ 1933 ਈ: ਨੂੰ ਪਿਤਾ ਸ੍ਰ: ਭਗਤ ਸਿੰਘ ਦੇ ਘਰ ਛਿਛਕੋਟ ਜ਼ਿਲ੍ਹਾ ਲਾਇਲਪੁਰ (ਪਾਕਿਸਤਾਨ) ਵਿਖੇ ਹੋਇਆ। ਬਾਬਾ ਜੀ ਦੇ ਤਿੰਨ ਬੇਟੇ ਜਗਦੀਪ ਸਿੰਘ, ਗੁਰਜੀਤ ਸਿੰਘ ਤੇ ਰੁਪਿੰਦਰ ਸਿੰਘ ਹਨ। ਸਾਰੇ ਕਾਰੋਬਾਰ ਦੇ ਨਾਲ-ਨਾਲ ਸੇਵਾ ਵੀ ਵੱਧ ਚੜ੍ਹ ਕੇ ਕਰਦੇ ਹਨ। ਬਾਬਾ ਨਰਿੰਦਰ ਸਿੰਘ ਜੀ ਨੇ ਬੀ.ਏ. ਤੱਕ ਵਿੱਦਿਅਕ ਯੋਗਤਾ ਪ੍ਰਾਪਤ ਕੀਤੀ। ਬਾਬਾ ਨਰਿੰਦਰ ਸਿੰਘ ਜੀ 1968 ਵਿੱਚ ਸ਼੍ਰੀ ਹੇਮਕੁੰਟ ਸਾਹਿਬ ਦੇ ਦਰਸ਼ਨ ਕਰਨ ਗਏ। ਦੋ ਮਿੰਨੀ ਬੱਸਾਂ ਯਾਤਰਾ 'ਚ ਸਨ। ਬਾਬਾ ਨਰਿੰਦਰ ਸਿੰਘ ਜੀ ਅੱਗੇ ਜਾ ਰਹੀ ਬੱਸ ਵਿੱਚ ਸਫ਼ਰ ਕਰ ਰਹੇ ਸਨ। ਇੱਕ ਵਿਅਕਤੀ ਨੇ ਆ ਕੇ ਉਹਨਾਂ ਨੂੰ ਕਿਹਾ ਕਿ ਦੂਜੀ ਬੱਸ ਵਿੱਚ ਕੀਰਤਨ ਹੋ ਰਿਹਾ ਹੈ। ਆਪ ਜੀ ਉਸ ਬੱਸ ਵਿੱਚ ਬੈਠ ਜਾਓ। ਅਜਿਹਾ ਕਹਿਣ ਦੀ ਦੇਰ ਸੀ ਕਿ ਉਹ ਬੱਸ ਵੱਡੀ ਚਟਾਨ ਦੀ ਲਪੇਟ ਵਿੱਚ ਆ ਗਈ। ਕੋਈ ਵੀ ਯਾਤਰੀ ਬਚ ਨਹੀਂ ਸਕਿਆ। ਜੀਵਨ ਦੀ ਇਸ ਨਾਸ਼ਵਾਨਤਾ ਨੂੰ ਬਹੁਤ ਨੇੜੇ ਤੋਂ ਦੇਖ ਕੇ ਉਹਨਾਂ ਆਪਣਾ ਬਾਕੀ ਜੀਵਨ ਵਾਹਿਗੁਰੂ ਨੂੰ ਅਰਪਣ ਕਰ ਦਿੱਤਾ। 1985 ਵਿੱਚ ਗੁਰਦੁਆਰਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪ੍ਰਭੂ ਸਿਮਰਨ ਕੇਂਦਰ ਅਸਥਾਨ ਦੀ ਸਥਾਪਨਾ ਹੋਈ। ਇੱਥੇ ਨਾਮ ਸਿਮਰਨ, ਸੁਰਤ ਸ਼ਬਦ ਸਿਮਰਨ ਅਭਿਆਸ ਦੇ ਕੈਂਪ ਲੱਗਦੇ ਸਨ। ਇਹਨਾਂ ਸਤਰਾਂ ਦੇ ਲੇਖਕ ਨੇ ਵੀ ਇੱਕ ਕੈਂਪ ਵਿੱਚ ਹਾਜ਼ਰੀ ਭਰੀ ਸੀ। 1988 ਤੋਂ ਅਸਥਾਨ ਵਿਖੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਬਿਰਧ ਸਰੂਪਾਂ ਦੀ ਸੇਵਾ ਸ਼ੁਰੂ ਹੋਈ। 1997 ਵਿੱਚ ਇਸ ਸੇਵਾ ਨੂੰ ਦੇਖ ਕੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ਼੍ਰੀ ਅੰਮ੍ਰਿਤਸਰ ਨੇ ਮਤਾ ਪਾਸ ਕਰਕੇ ਇਹ ਸੇਵਾ ਦਿੱਤੀ। ਬਾਅਦ ਵਿੱਚ 2004 'ਚ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਵੀ ਇਜਾਜ਼ਤ ਦੇ ਦਿੱਤੀ। ਬਾਬਾ ਨਰਿੰਦਰ ਸਿੰਘ ਜੀ ਵੱਲੋਂ ਛੋਟੀ ਜਵੱਦੀ ਲੁਧਿਆਣਾ ਤੋਂ ਇਲਾਵਾ ਗੁਰਦੁਆਰਾ ਬਾਉਲੀ ਸਾਹਿਬ ਗੋਇੰਦਵਾਲ ਸਾਹਿਬ, ਗੁਰਦੁਆਰਾ ਸ੍ਰੀ ਗੁਰੂ ਗ੍ਰੰਥ ਸਾਹਿਬ ਨਥਵਾਣ (ਰਤੀਆ) ਹਰਿਆਣਾ, ਗੁਰਦੁਆਰਾ ਸ੍ਰੀ ਗੁਰੂ ਗ੍ਰੰਥ ਸਾਹਿਬ ਪਿੰਡ ਰਾਮਗੜ੍ਹ ਭੁੱਲਰ ਨੇੜੇ ਜਗਰਾਉਂ (ਲੁਧਿਆਣਾ), ਹੈਦਰਾਬਾਦ ਅਤੇ ਸਿਲੀਗੁੜੀ (ਅਸਾਮ), ਗੁਰਦੁਆਰਾ ਮਜਨੂੰ ਟਿੱਲਾ ਦਿੱਲੀ ਵਿੱਚ ਇਹ ਸੇਵਾ ਚੱਲ ਰਹੀ ਸੀ। ਬਾਬਾ ਜੀ ਵੱਲੋਂ ਵਿਦੇਸ਼ਾਂ ਟੋਰਾਂਟੋ, ਵੈਨਕੂਵਰ ਤੇ ਨਿਊਜਰਸੀ ਵਿਖੇ ਵੀ ਇਹ ਸੇਵਾ ਪਿਛਲੇ ਕੁਝ ਸਾਲਾਂ ਤੋਂ ਚੱਲ ਰਹੀ ਸੀ। ਗੁਰਦੁਆਰਾ ਸਾਹਿਬ ਦੇ ਮੁੱਖ ਸੇਵਾਦਾਰ ਜਗਦੀਪ ਸਿੰਘ ਅਨੁਸਾਰ ਇਸ ਵਿਸ਼ੇਸ਼ ਪ੍ਰਕਿਰਿਆ ਦੇ ਲਈ ਦੇਸ਼ ਭਰ ਵਿੱਚ ਸਿਰਫ਼ ਛੇ ਗੁਰਦੁਆਰਾ ਸਾਹਿਬ ਹਨ। ਜਦ ਵੀ ਕੋਈ ਬਿਰਧ ਸਰੂਪ ਗੁਰਦੁਆਰਾ ਸਾਹਿਬ ਵਿਖੇ ਲਿਆਂਦਾ ਜਾਂਦਾ ਹੈ ਤਾਂ ਇਸ ਦੇ ਲਈ ਤਿੰਨ ਮੈਂਬਰੀ ਕਮੇਟੀ ਫੈਸਲਾ ਲੈਂਦੀ ਹੈ ਕਿ ਸਸਕਾਰ (ਅਗਨ ਭੇਟ) ਕੀਤਾ ਜਾਵੇ ਜਾਂ ਫਿਰ ਇਹਨਾਂ ਦੇ ਖੰਡਿਤ (ਬਿਰਧ) ਅੰਗਾਂ (ਪੰਨਿਆਂ) ਨੂੰ ਬਦਲ ਕੇ ਗੁਰਦੁਆਰਿਆਂ ਵਿੱਚ ਪ੍ਰਕਾਸ਼ ਕਰਨ ਲਈ ਸੰਗਤਾਂ ਨੂੰ ਦਿੱਤੇ ਜਾਣ। ਇਸ ਦੇ ਲਈ ਕੁਝ ਨਿਯਮ (ਅਸੂਲ, ਸਿਧਾਂਤ) ਬਣੇ ਹੋਏ ਹਨ। ਬਾਬਾ ਨਰਿੰਦਰ ਸਿੰਘ ਜੀ ਵੱਲੋਂ 11,700 ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਰੂਪ ਭੇਟਾ ਰਹਿਤ ਤਿਆਰ ਕਰਕੇ, ਜਿਲਦਬੰਦੀ ਕਰਕੇ, ਅੰਗ ਬਦਲ ਕੇ ਸੰਗਤਾਂ ਨੂੰ ਦਿੱਤੇ ਗਏ। ਇਸ ਤੋਂ ਇਲਾਵਾ 1984 ਵਿੱਚ ਬਲਿਊ ਸਟਾਰ ਅਪਰੇਸ਼ਨ ਸਮੇਂ ਫ਼ੌਜ ਨੇ ਸਿੱਖ ਰੈਫਰੈਂਸ ਲਾਇਬਰੇਰੀ ਅੰਮ੍ਰਿਤਸਰ ਜੋ ਖ਼ਤਮ ਕਰ ਦਿੱਤੀ ਸੀ। ਉਸ ਨੂੰ ਦੁਬਾਰਾ ਬਹਾਲ ਕੀਤਾ ਗਿਆ। ਬਾਬਾ ਨਰਿੰਦਰ ਸਿੰਘ ਨੇ ਸਿੱਖ ਰੈਫਰੈਂਸ ਲਾਇਬਰੇਰੀ ਸ਼੍ਰੀ ਅੰਮ੍ਰਿਤਸਰ ਨੂੰ 330 ਪਾਵਨ ਹੱਥ-ਲਿਖਤ ਪੁਰਾਤਨ ਸਰੂਪ, 100 ਦੇ ਕਰੀਬ ਦਸਮ ਗ੍ਰੰਥ ਦੇ ਸਰੂਪ ਤੇ ਵੱਡੀ ਤਾਦਾਦ ਵਿੱਚ ਇਤਿਹਾਸਕ ਪੋਥੀਆਂ ਤੇ ਸਿੱਖ ਇਤਿਹਾਸ ਨਾਲ ਸੰਬੰਧਿਤ ਸਮੱਗਰੀ ਭੇਟ ਕੀਤੀ। ਬਾਬਾ ਨਰਿੰਦਰ ਸਿੰਘ ਜੀ ਕੋਲ ਜੋ ਵੀ ਹੱਥ ਲਿਖਤ ਧਾਰਮਿਕ ਲਿਟਰੇਚਰ, ਪੁਰਾਤਨ ਹੱਥ ਲਿਖਤ ਸਰੂਪ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਆਉਂਦੇ ਸਨ, ਉਹਨਾਂ ਨੂੰ ਅਗਨ ਭੇਟ ਨਹੀਂ ਕੀਤਾ ਜਾਂਦਾ ਸੀ। ਉਹ ਸਿੱਖ ਰੈਫਰੈਂਸ ਲਾਇਬਰੇਰੀ ਸ਼੍ਰੀ ਅੰਮ੍ਰਿਤਸਰ ਨੂੰ ਭੇਜ ਦਿੱਤੇ ਜਾਂਦੇ ਸਨ। ਬਾਬਾ ਨਰਿੰਦਰ ਸਿੰਘ ਜੀ ਦੀ ਪ੍ਰੇਰਨਾ ਸਦਕਾ 20,000 ਤੋਂ ਵੀ ਵੱਧ ਪਤਿਤ ਹੋਏ ਨੌਜਵਾਨ ਦੁਬਾਰਾ ਸਿੱਖੀ ਸਰੂਪ ਵਿੱਚ ਗੁਰਸਿੱਖ ਬਣ ਚੁੱਕੇ ਸਨ। ਬਾਬਾ ਨਰਿੰਦਰ ਸਿੰਘ ਜੀ ਸੇਵਾ ਦੇ ਕਾਰਜ ਕਰਦਿਆਂ ਅਕਾਲ ਪੁਰਖ ਵੱਲੋਂ ਬਖ਼ਸ਼ੀ ਸਵਾਸਾਂ ਦੀ ਪੂੰਜੀ ਨੂੰ ਸੰਪੂਰਨ ਕਰਕੇ 19 ਮਈ 2018 ਈ: ਦਿਨ ਸ਼ਨੀਵਾਰ ਨੂੰ 84 ਸਾਲ ਦੀ ਉਮਰ ਭੋਗ ਕੇ ਗੁਰੂ ਚਰਨਾਂ ਵਿੱਚ ਜਾ ਬਿਰਾਜੇ।

**ਕਰਨੈਲ ਸਿੰਘ ਐੱਮ.ਏ. ਲੁਧਿਆਣਾ**
**#1138/63-ਏ, ਗੁਰੂ ਤੇਗ਼ ਬਹਾਦਰ ਨਗਰ,**
**ਗਲੀ ਨੰ:1, ਚੰਡੀਗੜ੍ਹ ਰੋਡ, ਜਮਾਲਪੁਰ, ਲੁਧਿਆਣਾ**

### ਹਲਕਾ ਖਡੂਰ ਸਾਹਿਬ ਵਿਖੇ ਭਾਈ ਅੰਮ੍ਰਿਤਪਾਲ ਸਿੰਘ ਦੇ ਚੋਣ ਪ੍ਰਚਾਰ 'ਚ ਗਰਜੇ ਭਾਈ ਰਣਜੀਤ ਸਿੰਘ ਦਮਦਮੀ ਟਕਸਾਲ

## ਸ਼ਹੀਦਾਂ ਦੀ ਧਰਤੀ ਦੇ ਵਾਰਸੋ, ਭਾਈ ਅੰਮ੍ਰਿਤਪਾਲ ਸਿੰਘ ਦੀ ਜਿੱਤ ਯਕੀਨੀ ਬਣਾਓ : ਫੈਡਰੇਸ਼ਨ ਭਿੰਡਰਾਂਵਾਲਾ





ਅੰਮ੍ਰਿਤਸਰ, 18 ਮਈ ( ਆਵਾਜ਼ਿ ਕੌਮ ਬਿਊਰੋ): ਲੋਕ ਸਭਾ ਹਲਕਾ ਸ੍ਰੀ ਖਡੂਰ ਸਾਹਿਬ ਤੋਂ ਆਜ਼ਾਦ ਉਮੀਦਵਾਰ ਭਾਈ ਅੰਮ੍ਰਿਤਪਾਲ ਸਿੰਘ ਦੇ ਹੱਕ ਵਿੱਚ ਪਿੰਡ ਪੰਡੋਰੀ ਰਣ ਸਿੰਘ ਵਿਖੇ ਸਟੇਜ ਤੇ ਸੰਬੋਧਨ ਹੁੰਦਿਆਂ ਸਿੱਖ ਪ੍ਰਚਾਰਕ, ਪੰਥਕ ਲੇਖਕ ਅਤੇ ਸਿੱਖ ਯੂਥ ਫੈਡਰੇਸ਼ਨ ਭਿੰਡਰਾਂਵਾਲਾ ਦੇ ਕੌਮੀ ਪ੍ਰਧਾਨ ਭਾਈ ਰਣਜੀਤ ਸਿੰਘ ਦਮਦਮੀ ਟਕਸਾਲ ਨੇ ਕਿਹਾ ਕਿ ਹਲਕਾ ਸ੍ਰੀ ਖਡੂਰ ਸਾਹਿਬ ਜੋ ਗੁਰੂਆਂ, ਸੂਰਬੀਰਾਂ ਤੇ ਸ਼ਹੀਦਾਂ ਦੀ ਧਰਤੀ ਹੈ, ਸਾਡੇ ਗੁਰੂ ਸਾਹਿਬਾਨਾਂ ਨੇ ਇੱਥੇ ਸ੍ਰੀ ਖਡੂਰ ਸਾਹਿਬ, ਸ੍ਰੀ ਗੋਇੰਦਵਾਲ ਸਾਹਿਬ ਅਤੇ ਸ੍ਰੀ ਤਰਨ ਤਾਰਨ ਸਾਹਿਬ ਨਗਰ ਵਸਾਏ ਹਨ। ਇਸੇ ਧਰਤੀ ਤੋਂ ਸ਼ਹੀਦ ਬਾਬਾ ਦੀਪ ਸਿੰਘ, ਸ਼ਹੀਦ ਬਾਬਾ ਨੌਧ ਸਿੰਘ, ਸ਼ਹੀਦ ਬਾਬਾ ਗੁਰਬਖਸ਼ ਸਿੰਘ, ਸ਼ਹੀਦ ਬਾਬਾ ਬੀਰ ਸਿੰਘ ਨੌਰੰਗਾਬਾਦ, ਸ਼ਹੀਦ ਭਾਈ ਤਾਰੂ ਸਿੰਘ ਜੀ ਪੂਹਲਾ ਅਤੇ ਸ਼ਹੀਦ ਭਾਈ ਤਾਰਾ ਸਿੰਘ ਜੀ ਵਾਂ ਹੋਏ ਹਨ ਤੇ ਜੇਕਰ ਅਜੋਕੇ ਸਮੇਂ ਦੀ ਗੱਲ ਕਰੀਏ ਤਾਂ ਬਾਬਾ ਗੁਰਬਚਨ ਸਿੰਘ ਮਾਨੋਚਾਹਲ, ਜਨਰਲ ਲਾਭ ਸਿੰਘ ਪੰਜਵੜ, ਸ਼ਹੀਦ ਭਾਈ ਪਰਮਜੀਤ ਸਿੰਘ ਪੰਜਵੜ, ਸ਼ਹੀਦ ਭਾਈ ਸੁਖਵਿੰਦਰ ਸਿੰਘ ਸੰਘਾ, ਸ਼ਹੀਦ ਭਾਈ ਅਵਤਾਰ ਸਿੰਘ ਬ੍ਰਹਮਾ, ਸ਼ਹੀਦ ਭਾਈ ਸੁਖਦੇਵ ਸਿੰਘ ਬੱਬਰ ਇਸੇ ਇਲਾਕੇ ਦੇ ਜਰਨੈਲ ਹੋਏ ਹਨ। ਇਸ ਹਲਕੇ ਤੋਂ ਖਾਲਸਾ ਪੰਥ ਅਤੇ ਪੰਜਾਬ ਦੇ ਵਾਰਸ ਨੂੰ ਹੀ ਜਤਾਇਆ ਜਾਵੇ। ਗਦਾਰ ਬਾਦਲਕਿਆਂ, ਕਾਂਗਰਸੀਆਂ, ਝਾੜੂ ਵਾਲਿਆਂ ਅਤੇ ਭਾਜਪਾਈਆਂ ਨੂੰ ਲੱਤ ਮਾਰ ਕੇ ਪੰਥ ਅਤੇ ਪੰਜਾਬ ਦੀ ਪਹਿਰੇਦਾਰੀ ਕਰਨ ਵਾਲੇ ਵਾਰਿਸ ਪੰਜਾਬ ਦੇ ਮੁਖੀ ਭਾਈ ਅੰਮ੍ਰਿਤਪਾਲ ਸਿੰਘ ਨੂੰ ਵੋਟਾਂ ਪਾ ਕੇ ਪਾਰਲੀਮੈਂਟ ਵਿੱਚ ਭੇਜਿਆ ਜਾਵੇ ਤਾਂ ਜੋ ਉਹ ਪੰਥ ਅਤੇ ਪੰਜਾਬ ਦੇ ਹੱਕਾਂ ਤੇ ਆਜ਼ਾਦੀ ਦੀ ਧੜੱਲੇਦਾਰੀ ਨਾਲ ਗੱਲ ਕਰ ਸਕਣ। ਭਾਈ ਰਣਜੀਤ ਸਿੰਘ ਦਮਦਮੀ ਟਕਸਾਲ ਨੇ ਇਹ ਵੀ ਕਿਹਾ ਕਿ 1 ਜੂਨ 1984 ਨੂੰ ਕਾਂਗਰਸ ਨੇ ਸ੍ਰੀ ਦਰਬਾਰ ਸਾਹਿਬ ਉੱਤੇ ਹਮਲਾ ਕੀਤਾ ਸੀ ਅਤੇ ਇੱਕ ਜੂਨ 2015 ਨੂੰ ਬਾਦਲ ਸਰਕਾਰ ਦੇ ਰਾਜ ਵਿੱਚੋਂ ਬੁਰਜ ਜਵਾਹਰਕੇ ਤੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਮਹਾਰਾਜ ਦਾ ਸਰੂਪ ਚੋਰੀ ਹੋਇਆ ਸੀ। ਹੁਣ 1 ਜੂਨ 2024 ਨੂੰ ਇਹਨਾਂ ਨੂੰ ਸਬਕ ਸਿਖਾਇਆ ਜਾਵੇ ਅਤੇ ਝਾੜੂ ਪਾਰਟੀ ਦੇ ਭਗਵੰਤ ਮਾਨ ਅਤੇ ਭਾਜਪਾ ਦੇ ਅਮਿਤ ਸ਼ਾਹ ਨੇ ਭਾਈ ਅੰਮ੍ਰਿਤਪਾਲ ਸਿੰਘ ਅਤੇ ਹੋਰਾਂ ਸਿੰਘਾਂ ਉੱਤੇ ਐਨ.ਐਸ.ਏ. ਲਗਵਾਈ ਹੈ ਤੇ ਸਾਡੇ ਜਥੇਦਾਰ ਭਾਈ ਜਗਤਾਰ ਸਿੰਘ ਹਵਾਰਾ ਅਤੇ ਹੋਰਾਂ ਬੰਦੀ ਸਿੰਘਾਂ ਨੂੰ ਵੀ ਸਜ਼ਾਵਾਂ ਪੂਰੀਆਂ ਕਰਨ ਦੇ ਬਾਵਜੂਦ ਰਿਹਾ ਨਹੀਂ ਕੀਤਾ ਜਾ ਰਿਹਾ। ਬੰਦੀ ਸਿੰਘਾਂ ਦੀ ਰਿਹਾਈ ਲਈ ਕੌਮੀ ਬਲਬੂਤੇ, ਸਿਆਸੀ ਸ਼ਕਤੀ ਅਤੇ ਪੰਥਕ ਏਕਤਾ ਦੀ ਲੋੜ ਹੈ, ਕੌਮ ਦੇ ਰਾਜਭਾਗ ਅਤੇ ਸਿਆਸੀ ਸ਼ਕਤੀ ਨਾਲ ਇਹ ਮਸਲੇ ਹੱਲ ਹੋਣੇ ਹਨ। ਭਾਈ ਰਣਜੀਤ ਸਿੰਘ ਦਮਦਮੀ ਟਕਸਾਲ ਨੇ ਇਹ ਵੀ ਕਿਹਾ ਕਿ ਬਾਦਲਕੇ ਉਹ ਉਹ ਪੁਰਾਤਨ ਅਕਾਲੀ ਨਹੀਂ ਜੋ ਪੰਥ ਵਸੈ ਮੈਂ ਉਜੜਾਂ ਸਿਧਾਂਤ ਦੇ ਧਾਰਨੀ ਸਨ, ਅੱਜ ਦੇ ਅਖੌਤੀ ਅਕਾਲੀ ਬਾਦਲਕੇ ਤਾਂ ਕਹਿੰਦੇ ਹਨ ਕਿ ਸਾਡੀ ਕੁਰਸੀ ਚਮਕਣੀ ਚਾਹੀਦੀ ਹੈ, ਪੰਥ ਅਤੇ ਪੰਜਾਬ ਭਾਵੇਂ ਢੱਠੇ ਖੂਹ ਵਿੱਚ ਪਵੇ। ਉਹਨਾ ਕਿਹਾ ਕਿ ਭਾਈ ਅੰਮ੍ਰਿਤਪਾਲ ਸਿੰਘ, ਸਿਮਰਨਜੀਤ ਸਿੰਘ ਮਾਨ, ਇਮਾਨ ਸਿੰਘ ਮਾਨ, ਸਰਬਜੀਤ ਸਿੰਘ ਮਲੋਆ ਅਤੇ ਭਾਈ ਅੰਮ੍ਰਿਤਪਾਲ ਸਿੰਘ ਛੰਦੜਾ ਦੀ ਜਿੱਤ ਪੰਥ ਅਤੇ ਪੰਜਾਬ ਦੀ ਜਿੱਤ ਹੋਵੇਗੀ। ਉਹਨਾਂ ਕਿਹਾ ਕਿ ਡਿਬਰੂਗੜ੍ਹ ਦੀ ਜੇਲ ਵਿੱਚ ਨਜ਼ਰਬੰਦ ਭਾਈ ਅੰਮ੍ਰਿਤਪਾਲ ਸਿੰਘ ਅਤੇ ਸਾਥੀਆਂ ਨੂੰ ਰਿਹਾ ਕਰਵਾਉਣ ਲਈ ਖਡੂਰ ਸਾਹਿਬ ਦੀ ਸੀਟ ਜਿਤਣੀ ਬੇਹੱਦ ਜਰੂਰੀ ਹੈ। ਇਸ ਮੌਕੇ ਭਾਈ ਅੰਮ੍ਰਿਤਪਾਲ ਸਿੰਘ ਦੇ ਪਿਤਾ ਭਾਈ ਤਰਸੇਮ ਸਿੰਘ, ਭਾਈ ਸ਼ਮਸ਼ੇਰ ਸਿੰਘ ਚੱਬਾ, ਫੈਡਰੇਸ਼ਨ ਦੇ ਸੀਨੀਅਰ ਮੀਤ ਪ੍ਰਧਾਨ ਭਾਈ ਭੁਪਿੰਦਰ ਸਿੰਘ ਛੇ ਜੂਨ, ਜਨਰਲ ਸਕੱਤਰ ਭਾਈ ਗਗਨਦੀਪ ਸਿੰਘ ਸੁਲਤਾਨਵਿੰਡ, ਭਾਈ ਜਸਕਰਨ ਸਿੰਘ ਪੰਡੋਰੀ, ਭਾਈ ਮਨਿੰਦਰ ਸਿੰਘ ਆਦਿ ਆਗੂ ਤੇ ਸੰਗਤਾਂ ਹਾਜ਼ਰ ਸਨ।

## 10ਵੀਂ ਅਤੇ 12ਵੀਂ ਦੀਆਂ ਪ੍ਰੀਖਿਆਵਾਂ ਵਿੱਚੋਂ ਅੱਵਲ ਆਉਣ ਵਾਲੇ ਵਿਦਿਆਰਥੀਆਂ ਨੂੰ ਕੀਤਾ ਸਨਮਾਨਿਤ

ਪੱਟੀ, 18 ਮਈ (ਆਵਾਜ਼ਿ ਕੌਮ ਬਿਊਰੋ)- ਚੀਫ ਖਾਲਸਾ ਦੀਵਾਨ ਚੈਰੀਟੇਬਲ ਸੁਸਾਇਟੀ ਅੰਮ੍ਰਿਤਸਰ ਅਧੀਨ ਚੱਲ ਰਹੇ ਸ੍ਰੀ ਗੁਰੂ ਹਰਿਕ੍ਰਿਸ਼ਨ ਸੀਨੀਅਰ ਸੈਕੰਡਰੀ ਪਬਲਿਕ ਸਕੂਲ ਪੱਟੀ ਦਾ ਦੱਸਵੀਂ ਅਤੇ ਬਾਰਵੀਂ ਦਾ ਨਤੀਜਾ 100 ਫੀਸਦੀ ਰਿਹਾ। ਇਨ੍ਹਾਂ ਪ੍ਰੀਖਿਆਵਾਂ ਵਿੱਚੋਂ ਪਹਿਲੇ , ਦੂਸਰੇ ਅਤੇ ਤੀਸਰੇ ਸਥਾਨ ਤੇ ਰਹਿਣ ਵਾਲੇ ਵਿਦਿਆਰਥੀਆਂ ਨੂੰ ਸਕੂਲ ਮੈਨੇਜਮੈਂਟ ਵੱਲੋਂ ਹਾਰ ਪਹਿਨਾ ਕੇ ਅਤੇ ਗੁਰੂ ਸਾਹਿਬ ਦੀ ਬਖਸ਼ਿਸ਼ ਸਿਰਪਾਉ ਦੇ ਕੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਸਕੂਲ ਦੇ ਪ੍ਰਿੰਸੀਪਲ ਸ੍ਰੀਮਤੀ ਜਸਬੀਰ ਕੌਰ ਸੈਣੀ ਨੇ ਪਾਸ ਹੋਣ ਵਾਲੇ ਵਿਦਿਆਰਥੀਆਂ ਅਤੇ ਉਹਨਾਂ ਦੇ ਮਾਪਿਆਂ ਨੂੰ ਵਧਾਈ ਦਿੰਦਿਆਂ ਕਿਹਾ ਕਿ ਇਹਨਾਂ ਪ੍ਰੀਖਿਆਵਾਂ ਵਿੱਚੋਂ ਚੰਗੇ ਨੰਬਰ ਲੈ ਕੇ ਪਾਸ ਹੋਣਾ ਵਿਦਿਆਰਥੀਆਂ, ਅਧਿਆਪਕਾਂ ਅਤੇ ਉਹਨਾਂ ਦੀ ਮਾਤਾ ਪਿਤਾ ਦੀ ਮਿਹਨਤ ਦਾ ਨਤੀਜਾ ਹੈ। ਸਕੂਲ ਦੇ ਮੈਂਬਰ ਇੰਚਾਰਜ ਗੁਰਬੀਰ ਸਿੰਘ ਢਿੱਲੋਂ , ਸਰਬਜੀਤ ਸਿੰਘ ਅਤੇ ਤਰਲੋਕ ਸਿੰਘ ਨੇ ਪਾਸ ਹੋਣ ਵਾਲੇ ਸਾਰੇ ਵਿਦਿਆਰਥੀਆਂ ਉਹਨਾਂ ਦੇ ਮਾਪਿਆਂ ਅਤੇ ਅਧਿਆਪਕਾਂ ਨੂੰ ਵਧਾਈ ਦਿੱਤੀ ਅਤੇ ਕਿਹਾ ਕਿ ਸੱਚੇ ਦਿਲੋਂ ਕੀਤੀ ਮਿਹਨਤ ਇੱਕ ਦਿਨ ਜ਼ਰੂਰ ਰੰਗ ਲਿਆਉਂਦੀ ਹੈ ਜੋ ਵਿਦਿਆਰਥੀ ਜ਼ਿੰਦਗੀ ਵਿੱਚ ਆਉਣ ਵਾਲੀਆਂ ਔਕੜਾਂ ਦਾ ਸਾਹਮਣਾ ਕਰਕੇ ਸਖਤ ਮਿਹਨਤ ਕਰਦੇ ਹਨ ਪਰਮਾਤਮਾ ਵੀ ਉਨਾਂ ਦਾ ਸਾਥ ਦਿੰਦਾ ਹੈ ਅਤੇ ਉਹ ਇੱਕ ਦਿਨ ਆਪਣੀ ਮੰਜ਼ਿਲ ਜ਼ਰੂਰ ਪ੍ਰਾਪਤ ਕਰ ਲੈਂਦੇ ਹਨ। ਜਿਸ ਨਾਲ ਸਕੂਲ ਅਤੇ ਮਾਤਾ ਪਿਤਾ ਨੂੰ ਉਹਨਾਂ ਤੇ ਮਾਣ ਹੁੰਦਾ ਹੈ।

## ਇੱਕ ਨਜ਼ਰ





# ਦਮਦਮੀ ਟਕਸਾਲ ਦੇ ਮੁਖੀ ਸੰਤ ਗਿਆਨੀ ਦਇਆ ਸਿੰਘ ਜੀ

ਗਿਆਨੀ ਸੰਤ ਸਿੰਘ ਜੀ ਜਦੋਂ ਸੱਚਖੰਡ ਗਮਨ ਕਰ ਗਏ ਤਾਂ ਉਹਨਾਂ ਤੋਂ ਬਾਅਦ ਸੰਤ ਗਿਆਨੀ ਦਇਆ ਸਿੰਘ ਜੀ ਦਮਦਮੀ ਟਕਸਾਲ ਦੇ ਅਗਲੇ ਮੁਖੀ ਬਣੇ। ਗਿਆਨੀ ਦਇਆ ਸਿੰਘ ਜੀ ਸ੍ਰੀ ਦਰਬਾਰ ਸਾਹਿਬ ਦੀ ਪ੍ਰਕਰਮਾ 'ਚ ਅਨੇਕਾਂ ਵਿਦਿਆਰਥੀਆਂ ਨੂੰ ਗੁਰਬਾਣੀ ਦੀ ਸੰਥਿਆ ਅਤੇ ਅਰਥ ਪੜ੍ਹਾਉਂਦੇ ਸਨ। ਆਪ ਜੀ ਨੇ ਅਨੇਕਾਂ ਪਾਠੀ, ਗਿਆਨੀ, ਕਥਾਕਾਰ ਤੇ ਪ੍ਰਚਾਰਕ ਪੈਦਾ ਕੀਤੇ ਜਿਨ੍ਹਾਂ ਨੇ ਗੁਰਸਿੱਖੀ ਦਾ ਭਾਰੀ ਪ੍ਰਚਾਰ ਕੀਤਾ। 'ਨਿਰਮਲ ਜੀਵਨ' ਕਿਤਾਬ ਵਿੱਚ ਗਿਆਨੀ ਈਸ਼ਰ ਸਿੰਘ ਨਾਰਾ ਨੇ ਆਪ ਬਾਰੇ ਲਿਖਿਆ ਹੈ ਕਿ "ਸੰਤ ਦਇਆ ਸਿੰਘ ਜੀ ਬਹੁਤ ਭਜਨੀਕ ਅਤੇ ਗੁਰਮੁਖ ਪਿਆਰੇ ਸਨ। ਇਹਨਾਂ ਨੇ ਰਹਿਤ ਵਿੱਚ ਪ੍ਰਪੱਕ ਰਹਿ ਕੇ ਬੰਦਗੀ ਦੇ ਪ੍ਰਚਾਰ ਨਾਲ਼ ਆਪਣੇ ਇਲਾਕੇ ਵਿੱਚ ਬੇਅੰਤ ਸਿੰਘਾਂ ਨੂੰ ਅੰਮ੍ਰਿਤ ਛਕਾਇਆ। ਕਈ ਲੋਕ ਤਾਂ ਇਸ ਤਰ੍ਹਾਂ ਵੀ ਕਹਿੰਦੇ ਹਨ ਕਿ ਔਰੰਗਜ਼ੇਬ ਨੇ ਤਲਵਾਰ ਦੇ ਜ਼ੋਰ ਨਾਲ਼ ਇਤਨੇ ਮੁਸਲਮਾਨ ਨਹੀਂ ਬਣਾਏ ਜਿਤਨੇ ਇਹਨਾਂ ਨੇ ਆਪਣੇ ਕਹਿਣੀ, ਕਰਨੀ ਤੇ ਪਵਿੱਤਰ ਉਪਦੇਸ਼ ਨਾਲ਼ ਸਿੰਘ ਸਜਾਏ। ਸੰਗਤਾਂ ਇਹਨਾਂ ਨੂੰ ਪਿਆਰ ਨਾਲ਼ 'ਦਿਜਬਰ' ਕਹਿ ਕੇ ਬੁਲਾਇਆ ਕਰਦੀਆਂ।" ਇਸੇ ਕਿਤਾਬ 'ਚ ਸੰਤ ਅਤਰ ਸਿੰਘ ਜੀ ਮਸਤੂਆਣੇ ਵਾਲ਼ਿਆਂ ਦੇ ਬਚਨ ਲਿਖੇ ਹਨ, ਜਿਸ ਵਿੱਚ ਸੰਤ ਅਤਰ ਸਿੰਘ ਜੀ ਦੱਸਦੇ ਹਨ ਕਿ ਸੰਤ ਦਇਆ ਸਿੰਘ ਜੀ ਸਾਡੇ ਨਾਲ਼ ਬਹੁਤ ਪਿਆਰ ਕਰਦੇ ਹੁੰਦੇ ਸਨ। ਸਾਡਾ ਸੁਭਾਅ ਕਾਫ਼ੀ ਸਮੇਂ ਤੋਂ ਰੋਜ਼ਾਨਾ ਸਿਰਫ਼ ਇੱਕੋ ਪ੍ਰਸ਼ਾਦਾ ਛਕਣ ਦਾ ਸੀ। ਖ਼ੁਰਾਕ ਥੋੜ੍ਹੀ ਹੋਣ ਕਰਕੇ ਸਾਡਾ ਸਰੀਰ ਬਹੁਤ ਦੁਰਬਲ਼ ਤੇ ਕਮਜ਼ੋਰ ਸੀ। ਸੰਤ ਦਇਆ ਸਿੰਘ ਜੀ ਮਹਾਂਪੁਰਸ਼ਾਂ ਨੇ ਇੱਕ ਵਾਰ ਸਾਨੂੰ ਕਿਹਾ ਕਿ ਅਤਰ ਸਿੰਘ ਜੀ! ਤੁਹਾਡੇ ਵਿੱਚ ਕੋਈ ਐਸੀ ਕਸ਼ਿਸ਼ ਹੈ ਜੋ ਸਾਨੂੰ ਖਿੱਚ ਪਾਈ ਰੱਖਦੀ ਹੈ ਤੇ ਸਾਡਾ ਜੀਅ ਕਰਦਾ ਹੈ ਕਿ ਹੱਥੀਂ ਪ੍ਰਸ਼ਾਦਾ ਤਿਆਰ ਕਰਕੇ ਤੁਹਾਨੂੰ ਛਕਾਇਆ ਕਰੀਏ। ਅਸੀਂ ਮਹਾਂਪੁਰਸ਼ਾਂ ਦੇ ਇਸ ਬਚਨ ਨੂੰ ਟਾਲ ਨਾ ਸਕੇ। ਪਹਿਲੇ ਦਿਨ ਉਸੇ ਵੇਲ਼ੇ ਹੀ ਇਹਨਾਂ ਨੇ ਪ੍ਰਸ਼ਾਦਾ ਤਿਆਰ ਕਰਕੇ ਸਾਨੂੰ ਛਕਾਇਆ। ਸਾਨੂੰ ਸੰਤਾਂ ਦੇ ਹੱਥੋਂ ਪ੍ਰਸ਼ਾਦਾ ਛਕ ਕੇ ਬਹੁਤ ਹੀ ਸੁਆਦ ਆਇਆ ਅਤੇ ਨਿਯਮ ਤੋਂ ਉਲ਼ਟ ਬਹੁਤ ਹੀ ਪ੍ਰਸ਼ਾਦੇ ਛਕ ਲਏ। ਇਹੋ ਜਿਹੀ ਕਮਾਈ ਵਾਲ਼ੇ ਸਨ ਸੰਤ ਦਇਆ ਸਿੰਘ ਜੀ। ਗਿਆਨੀ ਦਇਆ ਸਿੰਘ ਜੀ ਦੇ ਪੁੱਤਰ ਪਾਸੋਂ ਕਿਸੇ ਦਾ ਕਤਲ ਹੋ ਗਿਆ। ਆਪ ਉਸ ਦੀ ਫ਼ਾਂਸੀ ਰੁਕਵਾ ਸਕਦੇ ਸਨ ਪਰ ਆਪ ਨੇ ਨਿਆਂ ਦੇ ਫ਼ੈਸਲੇ ਵਿੱਚ ਕੋਈ ਦਖ਼ਲ ਨਾ ਦਿੱਤਾ ਤੇ ਭਾਣੇ ਨੂੰ ਮਿੱਠਾ ਕਰਕੇ ਮੰਨਿਆ ਤੇ ਆਪਣੀ ਨੂੰਹ ਨੂੰ ਕਿਹਾ ਕਿ "ਪੁੱਤਰੀ! ਤੇਰਾ ਪਤੀ ਚੜ੍ਹਾਈ ਕਰ ਗਿਅ ਹੈ, ਜੇ ਤੂੰ ਸੰਸਾਰਕ ਸੁੱਖ ਲੈਣੇ ਹਨ ਤਾਂ ਤੂੰ ਸਾਡੇ ਪਾਸੋਂ ਜਾ ਸਕਦੀ ਹੈ ਪਰ ਜੇ ਸਤਿਗੁਰਾਂ ਦੀ ਖ਼ੁਸ਼ੀ ਲੈਣੀ ਹੈ ਤਾਂ ਘੁੰਡ ਚੁੱਕ ਕੇ ਲੰਗਰ 'ਚ ਸੇਵਾ ਕਰੋ ਤੇ ਸੰਗਤਾਂ ਨੂੰ ਛਕਾਉ।" ਬਾਬਾ ਜੀ ਦੀ ਭਗਤੀ ਦਾ ਅਸਰ ਉਹਨਾਂ ਦੀ ਨੂੰਹ ਉੱਤੇ ਵੀ ਐਨਾ ਪਿਆ ਕਿ ਉਹ ਵੀ ਭਗਤੀ ਤੇ ਸੇਵਾ ਵਿੱਚ ਜੁੱਟ ਗਈ। ਸੰਤ ਗਿਆਨੀ ਦਇਆ ਸਿੰਘ ਜੀ ਦੇ ਮੁੱਖ ਵਿਦਿਆਰਥੀਆਂ ਵਿੱਚੋਂ ਗਿਆਨੀ ਭਗਵਾਨ ਸਿੰਘ ਜੀ ਪ੍ਰਸਿੱਧ ਹੋਏ ਹਨ ਜਿਨ੍ਹਾਂ ਨੇ ਗੁਰਬਾਣੀ ਦੇ ਟੀਕੇ ਅਤੇ ਟਕਸਾਲ ਦੇ ਜਥੇਦਾਰ ਦੀ ਸੇਵਾ ਆਪ ਜੀ ਤੋਂ ਬਾਅਦ ਸੰਭਾਲੀ।



- ਰਣਜੀਤ ਸਿੰਘ ਦਮਦਮੀ ਟਕਸਾਲ
(ਪ੍ਰਧਾਨ ਸਿੱਖ ਯੂਥ ਫ਼ੈਡਰੇਸ਼ਨ ਭਿੰਡਰਾਂਵਾਲਾ) ਮੋ : 88722-93883.

# ਪਿੰਡ ਉਦੋ ਨੰਗਲ ਵਿਖੇ ਡੈਨੀ ਬੰਡਾਲਾ ਅਤੇ ਕੁਲਬੀਰ ਸਿੰਘ ਜੀਰਾ ਨੇ ਵਿਰੋਧੀਆਂ ਨੂੰ ਲਾਏ ਰਗੜੇ



ਚੌਂਕ ਮਹਿਤਾ, 18 ਮਈ-( ਬਾਬਾ ਸੁਖਵੰਤ ਸਿੰਘ ਚੰਨਣਕੇ )- ਅੱਜ ਪਿੰਡ ਉਦੋ ਨੰਗਲ ਦੇ ਸਰਪੰਚ ਗੁਰਮੇਜ ਸਿੰਘ ਰੰਧਾਵਾ ਦੇ ਗ੍ਰਹਿ ਵਿਖੇ ਕੁਲਬੀਰ ਸਿੰਘ ਜੀਰਾ ਦੇ ਹੱਕ ਵਿੱਚ ਕਾਂਗਰਸੀ ਵਰਕਰਾਂ ਦਾ ਇੱਕ ਭਾਰੀ ਇਕੱਠ ਹੋਇਆ ਜਿਸ ਵਿੱਚ ਜੰਡਿਆਲਾ ਵਿਧਾਨ ਸਭਾ ਹਲਕੇ ਦੇ ਸਾਬਕਾ ਵਿਧਾਇਕ ਸ੍ਰ ਸੁਖਵਿੰਦਰ ਸਿੰਘ ਡੈਨੀ ਬੰਡਾਲਾ ਵੀ ਵਿਸ਼ੇਸ਼ ਤੌਰ ਤੇ ਪੁੱਜੇ। ਵਰਕਰਾਂ ਨੂੰ ਸੰਬੋਧਨ ਕਰਦਿਆਂ ਉਹਨਾਂ ਨੇ ਪੰਜਾਬ ਦੀ ਆਮ ਆਦਮੀ ਪਾਰਟੀ ਦੀ ਕਾਰਗੁਜ਼ਾਰੀ ਤੇ ਤਿੱਖੀ ਤਨ ਕਸਦਿਆਂ ਕਿਹਾ ਕਿ ਹਲਕਾ ਜੰਡਿਆਲਾ ਗੁੰਡਾਗਰਦੀ ਦਾ ਗੜਬੜ ਚੁੱਕਾ ਹੈ ਦਿਨ ਦਿਹਾੜੇ ਗੋਲੀਬਾਰੀ ਹੁੰਦੀ ਰਹਿੰਦੀ ਹੈ ਅਤੇ ਹਨੇਰਾ ਹੁੰਦਿਆਂ ਹੀ ਮਾਂ ਬਾਪ ਆਪਣੇ ਨੌਜਵਾਨ ਬੱਚੇ ਨੂੰ ਬਾਹਰ ਭੇਜਣੋ ਵੀ ਡਰਦੇ ਹਨ ਉਹਨਾਂ ਕਿਹਾ ਕਿ ਇਹ ਕਿਹੋ ਜਿਹਾ ਬਦਲਾਅ ਹੈ ਨੌਜਵਾਨੀ ਬਹੁਤ ਵੱਡੀ ਗਿਣਤੀ ਵਿੱਚ ਨਸ਼ਿਆਂ ਦੀ ਗ੍ਰਿਫਤ ਵਿੱਚ ਆ ਚੁੱਕੀ ਹੈ ਅਤੇ ਰੇਤ ਬਜਰੀ ਦੀਆਂ ਕੀਮਤਾਂ ਅਸਮਾਨ ਨੂੰ ਛੋਹ ਰਹੀਆਂ ਹਨ। ਲੋਕ ਸਭਾ ਹਲਕਾ ਖਡੂਰ ਸਾਹਿਬ ਤੋਂ ਕਾਂਗਰਸੀ ਉਮੀਦਵਾਰ ਸਰਦਾਰ ਕੁਲਬੀਰ ਸਿੰਘ ਜੀਰਾ ਨੇ ਕਿਹਾ ਕਿ ਕੇਂਦਰ ਅਤੇ ਸੂਬੇ ਦੀ ਸਰਕਾਰ ਆਪਸ ਵਿੱਚ ਮਿਲੀ ਹੋਈ ਹੈ ਅਤੇ ਉਹ ਪੰਜਾਬ ਦੀ ਜਵਾਨੀ ਨੂੰ ਬੇਰੁਜ਼ਗਾਰ ਕਰਕੇ ਵਿਦੇਸ਼ਾਂ ਵੱਲ ਧੱਕਣ ਦੇ ਯਤਨ ਵਿੱਚ ਹਨ। ਇਸ ਮੌਕੇ ਉਹਨਾਂ ਦੇ ਨਾਲ ਸਰਪੰਚ ਗੁਰਮੇਜ ਸਿੰਘ ਰੰਧਾਵਾ ਡਾਕਟਰ ਲਖਵਿੰਦਰ ਸਿੰਘ ਬੰਡਾਲਾ ਅਵਤਾਰ ਸਿੰਘ ਟੱਕਰ ਬਲ ਸਿੰਘ ਜਾਣੀਆ ਜਗਤਾਰ ਸਿੰਘ ਹਰਜੀਤ ਸਿੰਘ ਚੇਅਰਮੈਨ ਬਲਾਕ ਸੰਮਤੀ ਜਗਤ ਰਜਿੰਦਰ ਸਿੰਘ ਜੈਲਦਾਰ ਦਿਲਬਾਗ ਸਿੰਘ ਸਰਪੰਚ ਰਣਜੀਤ ਸਿੰਘ ਰਾਣਾ ਜੰਡ ਜਸਵਿੰਦਰ ਸਿੰਘ ਤਲਵਾ ਮਲਕੀਤ ਸਿੰਘ ਸਰਜਾ ਪ੍ਰਧਾਨ ਭੁਪਿੰਦਰ ਸਿੰਘ ਉਧੋਨੰਗਲ ਬਲਦੇਵ ਸਿੰਘ ਪ੍ਰਿੰਸੀਪਲ ਜਸਬੀਰ ਸਿੰਘ ਸੋਹਲ ਮਾਸਟਰ ਬਲਵਿੰਦਰ ਸਿੰਘ ਬਬਲੀ ਸੁਖਵਿੰਦਰ ਸਿੰਘ ਰੋਲਾ ਸਿੰਘ ਮਲਕੀਤ ਸਿੰਘ ਸ਼ਮਸ਼ੇਰ ਸਿੰਘ ਪਰਜਾਪਤ ਸਿੰਘ ਆਦਿ ਵੀ ਮੌਜੂਦ ਸਨ।

### ਦਮਦਮੀ ਟਕਸਾਲ ਮਹਿਤਾ ਵਿਖੇ 40ਵੇਂ ਸ਼ਹੀਦੀ ਜੋੜ ਮੇਲੇ ਸਬੰਧੀ ਵਿਸ਼ੇਸ਼ ਇਕੱਤਰਤਾ ਭਲਕੇ

# ਗਿਆਨੀ ਹਰਨਾਮ ਸਿੰਘ ਖਾਲਸਾ ਦੀ ਪ੍ਰਧਾਨਗੀ ਹੇਠ ਸਮਾਗਮਾਂ ਦੀ ਪੂਰਨ ਸਫਲ਼ਤਾ ਲਈ ਹੋਣਗੀਆਂ ਅਹਿਮ ਵਿਚਾਰਾਂ




ਚੌਂਕ ਮਹਿਤਾ,18ਮਈ (ਬਾਬਾ ਸੁਖਵੰਤ ਸਿੰਘ ਚੰਨਣਕੇ)- ਦਮਦਮੀ ਟਕਸਾਲ ਮੁਖੀ ਸੰਤ ਗਿਆਨੀ ਹਰਨਾਮ ਸਿੰਘ ਖਾਲਸਾ ਪ੍ਰਧਾਨ ਸੰਤ ਸਮਾਜ ਦੀ ਅਗਵਾਈ 'ਚ ਜੂਨ'84 ਤੀਸਰੇ ਘੱਲੂਘਾਰੇ ਦੇ ਸਮੂਹ ਸਹੀਦਾਂ ਦੀ 40ਵੀਂ ਸ਼ਹੀਦੀ ਵਰ੍ਹੇਗੰਢ ਨੂੰ ਦਮਦਮੀ ਟਕਸਾਲ ਮਹਿਤਾ ਦੇ ਹੈੱਡ ਕੁਆਟਰ ਗੁ.ਗੁਰਦਰਸ਼ਨ ਪ੍ਰਕਾਸ਼ ਮਹਿਤਾ ਵਿਖੇ ਪੂਰੀ ਸ਼ਰਧਾਂ ਭਾਵਨਾ ਨਾਲ ਅੰਤਰਰਾਸ਼ਟਰੀ ਪੱਧਰ 'ਤੇ ਮਨਾਇਆ ਜਾ ਰਿਹਾ ਹੈ। ਇਸ ਸਬੰਧੀ ਸ਼ਹੀਦੀ ਸਮਾਗਮ 1 ਮਈ ਤੋਂ ਸ਼ੁਰੂ ਹੋ ਚੁੱਕੇ ਹਨ ਤੇ ਵੱਖ ਵੱਖ ਨਗਰਾਂ 'ਚ ਸ਼ਬਦ ਕੀਰਤਨ ਅਤੇ ਕਥਾ ਸਮਾਗਮ ਦੇ ਪ੍ਰਵਾਹ ਨਿਰੰਤਰ ਜਾਰੀ ਹਨ।1 ਜੂਨ ਤੋਂ ਸ਼ਹੀਦੀ ਹਫਤਾ ਸ਼ੁਰੂ ਹੋਵੇਗਾ,ਜਿਸਦੇ ਸਮਾਗਮ ਗੁਰਦੁਆਰਾ ਸਾਹਿਬ ਵਿਖੇ ਹੋਣਗੇ।ਉਪਰੰਤ ਮੁੱਖ ਤੇ ਮਹਾਨ ਸਮਾਗਮ 6 ਜੂਨ ਨੂੰ ਦੀਵਾਨ ਹਾਲ 'ਚ ਹੋਵੇਗਾ,ਜਿਸ ਦੌਰਾਨ ਵੱਡਾ ਪੰਥਕ ਇਕੱਠ ਕੀਤਾ ਜਾ ਰਿਹਾ ਹੈ।ਇੰਨ੍ਹਾਂ ਹੀ ਸਮਾਗਮਾਂ ਦੀਆਂ ਤਿਆਰੀਆਂ ਤੇ ਹੋਰ ਲੋੜੀਂਦੇ ਪ੍ਰਬੰਧਾਂ ਸਬੰਧੀ ਜ਼ਰੂਰੀ ਵਿਚਾਰ ਵਿਟਾਂਦਰੇ ਲਈ ਇੱਕ ਵਿਸ਼ੇਸ਼ ਇਕੱਤਰਤਾ 20 ਮਈ,ਦਿਨ ਸੋਮਵਾਰ ਸਵੇਰੇ 11.30 ਵਜੇ ਦਮਦਮੀ ਟਕਸਾਲ ਮਹਿਤਾ ਦੇ ਦੀਵਾਨ ਹਾਲ ਵਿਖੇ ਰੱਖੀ ਗਈ ਹੈ।ਦਮਦਮੀ ਟਕਸਾਲ ਮੁਖੀ ਸੰਤ ਗਿਆਨੀ ਹਰਨਾਮ ਸਿੰਘ ਖਾਲਸਾ ਦੀ ਪ੍ਰਧਾਨਗੀ 'ਚ ਹੋਣ ਜਾ ਰਹੀ ਇਸ ਇਕੱਤਰਤਾ ਦੌਰਾਨ ਬਹੁਤ ਸਾਰੀਆਂ ਪ੍ਰਮੁੱਖ ਧਾਰਮਿਕ ਸ਼ਖਸ਼ੀਅਤਾਂ ,ਸੰਪਰਦਾਵਾਂ,ਜਥੇਬੰਦੀਆਂ ਤੇ ਸੇਵਾ ਕਮੇਟੀਆਂ ਦੇ ਨੁਮਾਇੰਦੇ ਤੇ ਵੱਡੀ ਗਿਣਤੀ 'ਚ ਇਲਾਕੇ ਦੀਆਂ ਸੰਗਤਾਂ ਭਰਨਗੀਆਂ।ਮੀਟਿੰਗ ਦੌਰਾਨ ਸਮਾਗਮਾਂ ਦੀ ਪੂਰਨ ਸਫਲਤਾਂ ਲਈ ਮੁੱਖ ਪ੍ਰੋਗਰਾਮਾਂ ਦੀ ਵਿਉਂਤਬੰਧੀ ਉਲੀਕੀ ਜਾਵੇਗੀ ਤੇ ਵੱਖ ਵੱਖ ਕੰਮਾਂ ਦੀਆਂ ਜ਼ਿੰਮੇਵਾਰੀਆਂ ਸੌਂਪੀਆਂ ਜਾਣਗੀਆਂ।ਜਥੇਬੰਦੀ ਵੱਲੋਂ ਸਮੂਹ ਪੰਥ ਦਰਦੀਆਂ ਨੂੰ ਇਸ ਮੀਟਿੰਗ 'ਚ ਸਮੇਂ ਸਿਰ ਪੁੱਜਣ ਦੀ ਪੁਰਜ਼ੋਰ ਅਪੀਲ ਕੀਤੀ ਜਾਂਦੀ ਹੈ।


# 2 ਜੂਨ ਨੂੰ ਪਿੰਡ ਰੋਡੇ ਪਹੁੰਚਣ ਵਾਲੀ ਸੰਗਤ ਲਈ ਹਰ ਤਰਾਂ ਦੇ ਪ੍ਰਬੰਧ ਕੀਤੇ ਜਾ ਰਹੇ ਹਨ : ਸਿੰਘ ਸਾਹਿਬ



ਭਦੌੜ, 18 ਮਈ (ਆਵਾਜ਼ਿ ਕੌਮ ਬਿਊਰੋ) -ਸ੍ਰੀ ਅਕਾਲ ਤਖਤ ਸਾਹਿਬ ਦੇ ਸਾਬਕਾ ਜਥੇਦਾਰ, ਇੰਟਰਨੈਸ਼ਨਲ ਪੰਥਕ ਦਲ ਦੇ ਸਰਪ੍ਰਸਤ ਸਿੰਘ ਸਾਹਿਬ ਭਾਈ ਜਸਵੀਰ ਸਿੰਘ ਰੋਡੇ ਨੇ ਕਿਹਾ ਹੈ ਕਿ 2 ਜੂਨ ਨੂੰ ਸੰਤ ਜਰਨੈਲ ਸਿੰਘ ਖਾਲਸਾ ਭਿੰਡਰਾਂਵਾਲਿਆਂ ਦੇ ਜਨਮ ਦਿਹਾੜੇ ਸਬੰਧੀ ਗੁਰਦੁਆਰਾ ਸੰਤ ਖਾਲਸਾ ਪਿੰਡ ਰੋਡੇ ਵਿਖੇ ਹੋ ਰਹੇ ਸਮਾਗਮ ਵਿੱਚ ਸ਼ਾਮਲ ਹੋਣ ਲਈ ਚਾਹਵਾਨ ਸੰਗਤਾਂ ਦੀ ਆਵਾਜਾਈ ਵਾਸਤੇ ਵਿਸ਼ੇਸ਼ ਪ੍ਰਬੰਧ ਕੀਤੇ ਜਾ ਰਹੇ ਹਨ। ਸਿੰਘ ਸਾਹਿਬ ਨੇ ਹਲਕਾ ਭਦੌੜ ਦੇ ਸੰਤਾਂ ਮਹਾਂਪੁਰਸ਼ਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਨੌਜਵਾਨਾਂ ਵੱਲੋਂ 2 ਜੂਨ ਨੂੰ ਪਿੰਡ ਰੋਡੇ ਵਿਖੇ ਪਹੁੰਚਣ ਲਈ ਭਾਰੀ ਉਤਸ਼ਾਹ ਵਿਖਾਇਆ ਜਾ ਰਿਹਾ ਹੈ। ਇਸ ਲਈ ਸਮੂਹ ਸੰਗਤਾਂ ਵਾਸਤੇ ਸੰਤਾਂ ਮਹਾਂਪੁਰਸ਼ਾਂ ਦੇ ਸਹਿਯੋਗ ਨਾਲ ਆਉਣ ਜਾਣ ਲਈ ਬੱਸਾਂ ਦੇ ਪ੍ਰਬੰਧ ਕੀਤੇ ਜਾ ਰਹੇ ਹਨ। ਅੱਜ ਦੀ ਇਸ ਮੀਟਿੰਗ ਵਿੱਚ ਸਿੰਘ ਸਾਹਿਬ ਤੋਂ ਇਲਾਵਾ ਗੁਰਦੁਆਰਾ ਸੰਤ ਖਾਲਸਾ ਪਿੰਡ ਰੋਡੇ ਦੇ ਮੁੱਖ ਸੇਵਾਦਾਰ ਬਾਬਾ ਬਲਵਿੰਦਰ ਸਿੰਘ ਰੋਡੇ, ਸ਼੍ਰੋਮਣੀ ਕਮੇਟੀ ਮੈਂਬਰ ਅਤੇ ਇੰਟਰਨੈਸ਼ਨਲ ਪੰਥਕ ਦਲ ਦੇ ਮੁੱਖ ਬੁਲਾਰੇ ਸੰਤ ਬਾਬਾ ਚਰਨਜੀਤ ਸਿੰਘ ਜਸੋਵਾਲ ਦਮਦਮੀ ਟਕਸਾਲ ਭਿੰਡਰਾਂਵਾਲੇ, ਜਥੇਦਾਰ ਸਵਰਨਜੀਤ ਸਿੰਘ ਮੁਖੀ ਤਰਨਾ ਦਲ ਸ਼ਹੀਦਾਂ ਦੋਆਬਾ, ਬਾਬਾ ਬੂਟਾ ਸਿੰਘ ਤੋਂ ਇਲਾਵਾ ਗਿਆਨੀ ਭਗਵਾਨ ਸਿੰਘ ਟਲਿਆਲ, ਗਿਆਨੀ ਪ੍ਰੀਤਮ ਸਿੰਘ ਟਲਿਆਲ, ਗਿਆਨੀ ਪ੍ਰੀਤਮ ਸਿੰਘ ਮਲੜੀ, ਗਿਆਨੀ ਸਤਨਾਮ ਸਿੰਘ ਭਦੌੜ, ਗਿਆਨੀ ਚਮਕੌਰ ਸਿੰਘ ਭਦੌੜ, ਭਾਈ ਗਿਆਨੀ ਚਮਕੌਰ ਸਿੰਘ ਭਦੌੜ, ਭਾਈ ਬਲਬੀਰ ਸਿੰਘ ਮਾਖੇਆਲਾ ਅਤੇ ਹੋਰ ਸੰਤਾਂ ਮਹਾਂਪੁਰਸ਼ਾਂ ਨੇ ਸ਼ਮੂਲੀਅਤ ਕੀਤੀ। ਮੀਟਿੰਗ ਵਿੱਚ ਸਮੂਹ ਸੰਗਤਾਂ ਮਹਾਂਪੁਰਸ਼ਾਂ ਨੇ ਸਿੰਘ ਸਾਹਿਬ ਨੂੰ ਭਰੋਸਾ ਦਿਵਾਇਆ ਕਿ ਉਹ ਆਪਣੇ ਹਲਕੇ ਵਿੱਚੋਂ ਸੰਗਤਾਂ ਨੂੰ ਬੱਸਾਂ ਦੇ ਵੱਡੇ ਕਾਫਲਿਆਂ ਰਾਹੀਂ ਪਿੰਡ ਰੋਡੇ ਵਿਖੇ ਲੈ ਕੇ ਆਉਣਗੇ। ਸਿੰਘ ਸਾਹਿਬ ਨੇ ਸਮੂਹ ਸੰਤਾਂ ਕੇ ਨੇ ਮਹਾਂਪੁਰਸ਼ਾਂ ਨੂੰ ਕਿਹਾ ਕਿ ਉਹ ਆਪਣੇ ਸੇਵਾਦਾਰਾਂ ਰਾਹੀਂ ਸੰਗਤਾਂ ਨੂੰ 2 ਜੂਨ ਦੇ ਸੰ ਭਿੰਡਰਾਂਵਾਲਿਆਂ ਦੇ ਜਨਮ ਦਿਹਾੜੇ ਸਬੰਧੀ ਸਮਾਗਮ ਵਾਸਤੇ ਤਿਆਰ ਕਰਨ ਅਤੇ ਜਾਣ ਸਬੰਧੀ ਕੀਤੇ ਜਾ ਰਹੇ ਪ੍ਰਬੰਧਾਂ ਬਾਰੇ ਜਾਣਕਾਰੀ ਦੇਣ ਲਈ ਆਪਣੇ ਇਲਾਕੇ ਦੇ ਵੱਖ-ਵੱਖ ਪਿੰਡਾਂ ਵਿੱਚ ਭੇਜਣ। ਸਿੰਘ ਸਾਹਿਬ ਨੇ ਇਸ ਦੌਰਾਨ ਇਹ ਵੀ ਕਿਹਾ ਕਿ ਗਰਮੀ ਦੇ ਮੌਸਮ ਦੇ ਚਲਦਿਆਂ ਸੰਗਤਾਂ ਨੂੰ ਦੇ ਲਿਜਾਣ ਲਈ ਬੱਸਾਂ ਦੇ ਪ੍ਰਬੰਧ ਕੀਤੇ ਜਾਣ ਤਾਂ ਕਿ ਸਖਤ ਧੁੱਪ ਤੋਂ ਬਚਿਆ ਜਾ ਸਕੇ।

# ਜਥੇਦਾਰ ਬਾਬਾ ਨਛੱਤਰ ਸਿੰਘ ਜੀ ਭੈਣੀ ਮੱਸਾ ਸਿੰਘ ਵਾਲ਼ਿਆਂ ਦੀ ਨਾਨੀ ਸਤਿਕਾਰਯੋਗ ਮਾਤਾ ਦਲੀਪ ਕੌਰ ਜੀ ਦੀ ਸ਼ਰਧਾਂਜਲੀ ਸਮਾਗਮ ਵਿੱਚ ਇੰਟਰਨੈਸ਼ਨਲ ਪੰਥਕ ਦਲ ਵੱਲੋਂ ਸ਼ਮੂਲੀਅਤ





ਤਰਨਤਾਰਨ, 18 ਮਈ (ਮਨਪ੍ਰੀਤ ਸਿੰਘ ਵਾੜਾ ਸ਼ੇਰ ਸਿੰਘ) ਇੰਟਰਨੈਸ਼ਨਲ ਪੰਥਕ ਦਲ ਅਸਟਰੀਆ ਯੂਰਪ ਦੇ ਪ੍ਰਧਾਨ ਜਥੇਦਾਰ ਬਾਬਾ ਨਛੱਤਰ ਸਿੰਘ ਜੀ ਭੈਣੀ ਮਸਾ ਸਿੰਘ ਵਾਲਿਆਂ ਦੀ ਨਾਨੀ ਸਤਿਕਾਰਯੋਗ ਮਾਤਾ ਦਲੀਪ ਕੌਰ ਜੀ ਕੁਝ ਦਿਨ ਪਹਿਲਾਂ ਅਕਾਲ ਚਲਾਣਾ ਕਰ ਗਏ ਸਨ ਉਹਨਾਂ ਦੇ ਨਮਿਤ ਰੱਖੇ ਸ੍ਰੀ ਅਖੰਡ ਪਾਠ ਸਾਹਿਬ ਜੀ ਦਾ ਭੋਗ ਉਹਨਾਂ ਦੇ ਜੱਦੀ ਪਿੰਡ ਮਹਿਮੂਦਪੁਰਾ ਵਿਖੇ ਪਾਇਆ ਗਿਆ। ਰਾਗੀ ਸਿੰਘਾਂ ਨੇ ਮਨੋਹਰ ਗੁਰਬਾਣੀ ਦਾ ਕੀਰਤਨ ਸੁਣਾ ਕੇ ਸੰਗਤਾਂ ਨੂੰ ਨਿਹਾਲ ਕੀਤਾ। ਇੰਟਰਨੈਸ਼ਨਲ ਪੰਥਕ ਦਲ ਵੱਲੋਂ ਸਰਧਾਂਜਲੀ ਸਮਾਗਮ ਵਿੱਚ ਉਚੇਚੇ ਤੌਰ ਤੇ ਸ਼ਮੂਲੀਅਤ ਕੀਤੀ ਗਈ ਜਿਸ ਵਿੱਚ ਜਥੇਬੰਦੀ ਦੇ ਚੀਫ ਐਡਵਾਈਜ਼ਰ ਪੰਜਾਬ ਬਾਬਾ ਸੱਜਣ ਸਿੰਘ ਜੀ ਵਾੜਾ ਸ਼ੇਰ ਸਿੰਘ ਸਪੁੱਤਰ ਸ਼ਹੀਦ ਭਾਈ ਸਰਵਣ ਸਿੰਘ ਜੀ, ਭਾਈ ਗੁਰਭੇਜ ਸਿੰਘ ਜੀ ਭੈਣੀ ਮੱਸਾ ਸਿੰਘ ਜਿਲਾ ਪ੍ਰਧਾਨ ਤਰਨਤਾਰਨ, ਭਾਈ ਭੁਪਿੰਦਰ ਸਿੰਘ ਜੀ ਭੈਣੀ ਮੱਸਾ ਸਿੰਘ ਵੱਲੋਂ ਹਾਜਰੀ ਭਰੀ ਗਈ।ਇਸ ਮੌਕੇ ਬਾਬਾ ਮੰਗਲ ਦਾਸ ਜੀ, ਭਾਈ ਕੁਲਦੀਪ ਸਿੰਘ ਨਿਊਜੀਲੈਂਡ, ਰਸਪਾਲ ਸਿੰਘ ਫੌਜੀ, ਗੁਰਜੀਤ ਖੱਕ, ਗੁਰਜੰਟ ਸਿੰਘ ਭੁੱਲਰ, ਕੁਲਦੀਪ ਸਿੰਘ, ਚਿੰਤਨਾਮ ਸਿੰਘ, ਬਲਦੇਵ ਸਿੰਘ ਭੁੱਲਰ ,ਰੇਸ਼ਮ ਸਿੰਘ ਭੁੱਲਰ ,ਸੁੱਚਾ ਸਿੰਘ ਕਿਸਾਨ ਆਗੂ ਸੂਬਾ ਸਕੱਤਰ ਪੰਜਾਬ, ਦੀਦਾਰ ਸਿੰਘ ਲਖਨਾ, ਜੱਸਾ ਸਿੰਘ, ਸਤਪਾਲ ਸਿੰਘ ਪ੍ਰਧਾਨ ,ਧਰਮ ਸਿੰਘ, ਮਿਲਖਾ ਸਿੰਘ, ਜਰਨੈਲ ਸਿੰਘ, ਪ੍ਰਤਾਪ ਸਿੰਘ ਮੱਖੀ, ਗ੍ਰੰਥੀ ਬਾਬਾ ਬਲਵਿੰਦਰ ਸਿੰਘ ,ਦਵਿੰਦਰ ਸਿੰਘ, ਦਰਸ਼ਨ ਸਿੰਘ ਨਵਾਂ ਪਿੰਡ, ਰਸਪਾਲ ਸਿੰਘ ਬਿੱਟੂ, ਸੁਖਦੇਵ ਸਿੰਘ, ਬਾਬਾ ਸਤਨਾਮ ਸਿੰਘ ਰਾਜੋਕੇ, ਸਿਮਰਨਜੀਤ ਸਿੰਘ ,ਤਰਨਜੀਤ ਸਿੰਘ, ਕਰਮਜੀਤ ਸਿੰਘ ,ਸ਼ੁਭਦੀਪ ਸਿੰਘ ਅਤੇ ਸਮੂਹ ਸੰਗਤਾਂ ਸਾਕ ਸਬੰਧੀ ਹਾਜ਼ਰ ਸਨ।

## ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ

# ਕਰਨਾਲ ਵਿਖੇ ਕਰਵਾਏ ਗਏ 'ਸਿੱਖ ਸੰਮੇਲਨ' ਦੀਆਂ ਯਾਦਗਾਰੀ ਤਸਵੀਰਾਂ




















ਆਵਾਜ਼ ਕੌਮ
AWAZE QAUM
International Newspaper & WEB TV

# ਇੱਕ ਨਜ਼ਰ



## ਅਰਵਿੰਦ ਖੰਨਾ ਸੰਗਰੂਰ ਲੋਕ ਸਭਾ ਹਲਕੇ ਤੋਂ ਵੱਡੇ ਮਾਰਜਨ ਨਾਲ ਜਿੱਤਣਗੇ : ਬਸੰਤ ਕੁਮਾਰ ਕਾਂਝਲਾ

ਧੂਰੀ, 18 ਮਈ ( ਰਣਜੀਤ ਸਿੰਘ ਪੇਧਨੀ)- ਭਾਰਤੀ ਜਨਤਾ ਪਾਰਟੀ ਦੇ ਲੋਕ ਸਭਾ ਹਲਕਾ ਸੰਗਰੂਰ ਤੋਂ ਚੋਣ ਲੜ ਰਹੇ ਸ੍ਰੀ ਅਰਵਿੰਦ ਖੰਨਾ ਸੰਗਰੂਰ ਲੋਕ ਸਭਾ ਹਲਕੇ ਤੋਂ ਵੱਡੇ ਮਾਰਜਨ ਨਾਲ ਜਿੱਤ ਕੇ ਇਤਿਹਾਸ ਰਚਣਗੇ। ਇਹਨਾਂ ਵਿਚਾਰਾਂ ਦਾ ਪ੍ਰਗਟਾਵਾ ਭਾਰਤੀ ਜਨਤਾ ਪਾਰਟੀ ਦੇ ਬਲਾਕ ਪ੍ਰਧਾਨ ਬਸੰਤ ਕੁਮਾਰ ਕਾਂਝਲਾ ਨੇ ਕੀਤਾ। ਜਿਕਰਯੋਗ ਹੈ ਕਿ ਬਸੰਤ ਕਾਂਝਲਾ ਖੰਨਾ ਦੇ ਹੱਕ ਵਿੱਚ ਵੱਖ ਵੱਖ ਪਿੰਡਾ ਵਿੱਚ ਚੋਣ ਪ੍ਰਚਾਰ ਕਰ ਰਹੇ ਸਨ। ਉਹਨਾਂ ਕਿਹਾ ਕਿ ਦੇਸ਼ ਵਿੱਚ ਭਾਰਤੀ ਜਨਤਾ ਪਾਰਟੀ ਦੇ ਹੱਕ ਵਿੱਚ ਹਵਾ ਚੱਲ ਰਹੀ ਜਿੰਨੇ ਸੂਬਿਆਂ ਵਿੱਚ ਹੁਣ ਤੱਕ ਚੋਣਾਂ ਹੋ ਚੁੱਕੀਆਂ ਹਨ ਉਹਨਾਂ ਵਿੱਚ ਭਾਰਤੀ ਜਨਤਾ ਪਾਰਟੀ ਸਭ ਤੋਂ ਅੱਗੇ ਦੀ ਪਾਰਟੀ ਹੋ ਕੇ ਉਭਰ ਰਹੀ ਹੈ ।ਉਹਨਾਂ ਕਿਹਾ ਕਿ ਇਸ ਵਾਰ ਮੋਦੀ ਸਰਕਾਰ, 400 ਪਾਰ, ਤੀਸਰੀ ਵਾਰ, ਕੇਂਦਰ ਚ ਬੀਜੇਪੀ ਸਰਕਾਰ ਦੇ ਰਹੇ ਨਾਅਰੇ ਨੂੰ ਲੋਕਾਂ ਵੱਲੋਂ ਭਰਪੂਰ ਸਮਰਥਨ ਦਿੱਤਾ ਜਾ ਰਿਹਾ ਹੈ, ਕਿਉਂਕਿ ਲੋਕਾਂ ਨੂੰ ਪਤਾ ਲੱਗ ਚੁੱਕਾ ਹੈ ਕਿ ਦੇਸ਼ ਦੇ ਪ੍ਰਧਾਨ ਮੰਤਰੀ ਸ੍ਰੀ ਨਰਿੰਦਰ ਮੋਦੀ ਜੋ ਕਹਿੰਦੇ ਹਨ ਉਹ ਕਰਕੇ ਵਿਖਾਉਂਦੇ ਹਨ।

## ਆਗੂਆਂ ਨੇ ਵੱਖ ਵੱਖ ਪਿੰਡਾਂ ਚ ਸਾਂਸਦ ਮਾਨ ਨੂੰ ਵੋਟਾਂ ਪਾਉਣ ਦੀ ਕੀਤੀ ਅਪੀਲ

ਧੂਰੀ, 18 ਮਈ ( ਰਣਜੀਤ ਸਿੰਘ ਪੇਧਨੀ ): ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਦੇ ਪ੍ਰਧਾਨ ਸ, ਸਿਮਰਨਜੀਤ ਸਿੰਘ ਮਾਨ ਉਮੀਦਵਾਰ ਲੋਕ ਸਭਾ ਹਲਕਾ ਸੰਗਰੂਰ, ਦੇ ਹੱਕ ਵਿੱਚ ਵੱਖ-ਵੱਖ ਪਿੰਡਾਂ ਵਿੱਚ ਚੋਣ ਪ੍ਰਚਾਰ ਕਰਦਿਆਂ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਦੇ ਸੀਨੀਅਰ ਆਗੂ ਵਾਸਵੀਰ ਸਿੰਘ ਭੁੱਲਰ,ਅਮਰਜੀਤ ਸਿੰਘ ਬਾਦਸਾਹਪੁਰ ,ਗੁਰਪ੍ਰੀਤ ਸਿੰਘ ਖਾਲਸਾ ਆਦਿ ਆਗੂਆਂ ਨੇ ਕਿਹਾ ਕਿ ਡੇਢ ਸਾਲ ਪਹਿਲਾਂ ਸ, ਸਿਮਰਨਜੀਤ ਸਿੰਘ ਮਾਨ ਨੇ ਜਿੱਤ ਕੇ ਜੋ ਗਰਾਂਟਾਂ ਮਿਲੀਆਂ ਉਹਨਾਂ ਨੂੰ ਬਿਨਾਂ ਕਿਸੇ ਭੇਦਭਾਵ ਦੇ ਪਿੰਡਾਂ ਵਿੱਚ ਸ਼ਹਿਰਾਂ ਵਿੱਚ ਗਰਾਂਟਾਂ ਦੇ ਗੱਫੇ ਦੇ ਕੇ ਨਵਾਂ ਇਤਿਹਾਸ ਸਿਰਜਿਆ ਹੈ। ਇਸ ਮੌਕੇ ਹਰਚਰਨ ਸਿੰਘ ਭਸੌੜ, ਗੁਰਮੀਤ ਸਿੰਘ ਮੀਰਹੇੜੀ, ਮਲਕੀਤ ਸਿੰਘ ਫੌਜੀ, ਸਰਪੰਚ ਗੁਰਪਰੀਤ ਸਿੰਘ, ਭਾਗ ਸਿੰਘ, ਚਰਨ ਸਿੰਘ, ਦਰਸਨ ਸਿੰਘ, ਦੀਦਾਰ ਸਿੰਘ ਹਾਜਰ ਸਨ।

## ਮਾਨ ਸਰਕਾਰ ਖਿਡਾਰੀਆਂ ਦੇ ਮਿਆਰ ਨੂੰ ਉੱਚਾ ਚੁੱਕਣ ਲਈ ਵਿਸ਼ੇਸ਼ ਉਪਰਾਲੇ ਕਰ ਰਹੀ ਹੈ: ਚੇਅਰਮੈਨ ਘੁੱਲੀ



ਧੂਰੀ, 18 ਮਈ ( ਰਣਜੀਤ ਸਿੰਘ ਪੇਧਨੀ)- ਆਮ ਆਦਮੀ ਪਾਰਟੀ ਸਪੋਰਟਸ ਵਿੰਗ ਪੰਜਾਬ ਦੇ ਜਨਰਲ ਸਕੱਤਰ ਸ, ਰਾਜਵੰਤ ਸਿੰਘ ਘੁੱਲੀ ਚੇਅਰਮੈਨ ਮਾਰਕੀਟ ਕਮੇਟੀ ਧੂਰੀ ਨੇ ਵਿਧਾਨ ਸਭਾ ਹਲਕਾ ਧੂਰੀ ਵਿੱਚ ਪੈਂਦੇ ਪਿੰਡ ਭਲਵਾਨ ਵਿਖੇ ਨੌਜਵਾਨਾਂ ਵੱਲੋਂ ਕਰਵਾਏ ਗਏ ਕ੍ਰਿਕਟ ਟੂਰਨਾਮੈਂਟ ਵਿੱਚ ਹਾਜ਼ਰੀ ਭਰੀ। ਇਸ ਮੌਕੇ ਉਹਨਾਂ ਨੇ ਚੋਣਵੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਚੇਅਰਮੈਨ ਘੁੱਲੀ ਨੇ ਕਿਹਾ ਕਿ ਪੰਜਾਬ ਦੀ ਮਾਨ ਸਰਕਾਰ ਵੱਲੋਂ ਖਿਡਾਰੀਆਂ ਦੇ ਮਿਆਰ ਨੂੰ ਉੱਚਾ ਚੁੱਕਣ ਦੇ ਲਈ ਵਿਸ਼ੇਸ਼ ਉਪਰਾਲੇ ਕੀਤੇ ਜਾ ਰਹੇ ਹਨ। ਆਮ ਆਦਮੀ ਪਾਰਟੀ ਸਪੋਰਟਸ ਵਿੰਗ ਵੱਲੋਂ ਖਿਡਾਰੀਆ ਨੂੰ ਖੇਡਣ ਦੇ ਲਈ ਗਰਾਉਂਡ, ਖੇਡ ਕਿੱਟਾਂ, ਕ੍ਰਿਕਟ ਕਿੱਟਾਂ, ਜਿੰਮਾ ਆਦਿ ਦਾ ਸਰਕਾਰ ਵੱਲੋ ਵਿਸ਼ੇਸ਼ ਪ੍ਰਬੰਧ ਕੀਤਾ ਜਾ ਰਿਹਾ ਹੈ। ਇਸ ਮੌਕੇ ਸਪੋਰਟਸ ਵਿੰਗ ਦੇ ਸਟੇਟ ਸੈਕਟਰੀ ਅਮਰਦੀਪ ਸਿੰਘ ਧਾਂਦਰਾ ਨੇ ਕਿਹਾ ਨੌਜਵਾਨਾਂ ਨੂੰ ਨਸ਼ਿਆਂ ਦੀ ਦਲ ਦਲ ਵਿੱਚੋਂ ਕੱਢਣ ਦੇ ਲਈ ਸਰਕਾਰ ਵੱਲੋਂ ਵਿਸ਼ੇਸ਼ ਤੌਰ ਤੇ ਖਿਡਿਆਰੀਆਂ ਨੂੰ ਪੈਕਜ ਦੇ ਕੇ ਨਾਮ ਦਿੱਤੇ ਜਾ ਰਹੇ ਹਨ। ਇਸ ਮੌਕੇ ਉਹਨਾਂ ਦੇ ਨਾਲ ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਭਿੰਦਾ ਵਿਰਕ, ਆਪ ਆਗੂ ਬਿੱਲਾ ਸਾਹੀਵਾਲੀ ਹਾਜਰ ਸਨ।

## ਰਣਜੀਤ ਸਿੰਘ ਰੰਧਾਵਾ ਕਾਤਰੋਂ ਨੇ ਵੱਖ ਵੱਖ ਪਿੰਡਾਂ ਵਿੱਚ ਨੁੱਕੜ ਮੀਟਿੰਗਾਂ ਕਰਕੇ ਅਕਾਲੀ ਉਮੀਦਵਾਰ ਝੂੰਦਾਂ ਨੂੰ ਜਿਤਾਉਣ ਦੀ ਅਪੀਲ

ਸ਼੍ਰੋਮਣੀ ਅਕਾਲੀ ਦਲ (ਬ) ਦੇ ਸੀਨੀਅਰ ਆਗੂ ਰਣਜੀਤ ਸਿੰਘ ਰੰਧਾਵਾ ਕਾਤਰੋਂ ਨੇ ਵੱਖ ਵੱਖ ਪਿੰਡਾਂ ਵਿੱਚ ਨੁੱਕੜ ਮੀਟਿੰਗਾਂ ਕਰਕੇ ਸ੍ਰੋਮਣੀ ਅਕਾਲੀ ਦਲ ਬਾਦਲ ਦੇ ਉਮੀਦਵਾਰ ਲੋਕ ਸਭਾ ਹਲਕਾ ਸੰਗਰੂਰ ਤੋਂ ਉਮੀਦਵਾਰ ਇਕਬਾਲ ਸਿੰਘ ਝੂੰਦਾਂ ਨੂੰ ਜਿਤਾਉਣ ਦੀ ਅਪੀਲ ਕੀਤੀ । ਉਨ੍ਹਾਂ ਕਿਹਾ ਕਿ ਸੰਗਰੂਰ ਦੇ ਲੋਕ ਆਮ ਆਦਮੀ ਪਾਰਟੀ, ਕਾਂਗਰਸ ਅਤੇ ਭਾਜਪਾ ਵਰਗੀਆਂ ਗੁੰਮਰਾਹ ਕਰਨ ਵਾਲੀਆਂ ਪਾਰਟੀਆਂ ਨੇ ਨੂੰ ਮੂੰਹ ਨਹੀਂ ਲਗਾਉਣਗੇ । ਉਨ੍ਹਾਂ ਕਿਹਾ ਕਿਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸਰਦਾਰ ਸੁਖਬੀਰ ਸਿੰਘ ਬਾਦਲ ਵੱਲੋਂ ਕੱਢੀ ਜਾ ਰਹੀ ਪੰਜਾਬ ਬਚਾਓ ਯਾਤਰਾ ਵਿੱਚ ਨੌਜਵਾਨਾਂ ਦਾ ਵੱਡਾ ਹੋ ਰਿਹਾ ਇਕੱਠ ਇਸ ਗੱਲ ਦੀ ਗਵਾਹੀ ਭਰਦਾ ਹੈ ਕਿ ਇਸ ਵਾਰ ਪੰਜਾਬ ਦੇ ਲੋਕ ਪੰਜਾਬ ਦੀ ਮਾਂ ਪਾਰਟੀ ਸ਼੍ਰੋਮਣੀ ਅਕਾਲੀ ਦਲ ਦੇ ਹੱਕ ਵਿੱਚ ਭੁਗਤ ਕੇ ਨਵਾਂ ਇਤਿਹਾਸ ਬਣਾਉਣਗੇ। ਸ਼੍ਰੋਮਣੀ ਅਕਾਲੀ ਦਲ ਪੰਜਾਬ ਦੀਆਂ 13 ਦੀਆਂ 13 ਸੀਟਾਂ ਤੇ ਜਿੱਤ ਪ੍ਰਾਪਤ ਕਰੇਗਾ ਜਿਸ ਦੀ ਸ਼ੁਰੂਆਤ ਸੰਗਰੂਰ ਲੋਕ ਸਭਾ ਹਲਕੇ ਤੋਂ ਇਕਬਾਲ ਸਿੰਘ ਝੂੰਦਾਂ ਦੇ ਜਿੱਤਣ ਨਾਲ ਹੋਵੇਗੀ।





### 2 ਜੂਨ ਨੂੰ ਸੰਤ ਭਿੰਡਰਾਂਵਾਲਿਆਂ ਦੇ ਜਨਮ ਦਿਹਾੜੇ ਸਬੰਧੀ ਜ਼ਿਲ੍ਹਾ ਤਰਨਤਾਰਨ ਦੀਆਂ ਸੰਗਤਾਂ ਵਿੱਚ ਭਾਰੀ ਉਤਸ਼ਾਹ

## ਜਥੇਬੰਦੀ ਦੇ ਚੀਫ ਐਡਵਾਈਜ਼ਰ ਪੰਜਾਬ ਬਾਬਾ ਸੱਜਣ ਸਿੰਘ ਜੀ ਵਾੜਾ ਸ਼ੇਰ ਸਿੰਘ ਅਤੇ ਭਾਈ ਗੁਰਭੇਜ ਸਿੰਘ ਜੀ ਭੈਣੀ ਮੱਸਾ ਸਿੰਘ ਜ਼ਿਲ੍ਹਾ ਪ੍ਰਧਾਨ ਤਰਨਤਾਰਨ ਵੱਲੋਂ ਮਿਲ ਕੇ ਪ੍ਰੇਮ ਪੂਰਵਕ ਸੱਦਾ ਪੱਤਰ ਵੰਡੇ















ਤਰਨਤਾਰਨ, 18 ਮਈ (ਮਨਪ੍ਰੀਤ ਸਿੰਘ ਵਾੜਾ ਸ਼ੇਰ ਸਿੰਘ)- ਇੰਟਰਨੈਸ਼ਨਲ ਪੰਥਕ ਦਲ ਦੇ ਸਰਪ੍ਰਸਤ ਅਤੀ ਸਤਿਕਾਰਯੋਗ ਸਿੰਘ ਸਾਹਿਬ ਭਾਈ ਜਸਵੀਰ ਸਿੰਘ ਜੀ ਰੋਡੇ ਸਾਬਕਾ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਜੀ ਦੇ ਦਿਸ਼ਾ ਨਿਰਦੇਸ਼ਾਂ ਤਹਿਤ 20ਵੀ ਸਦੀ ਦੇ ਮਹਾਨ ਸਿੱਖ ਜਰਨੈਲ ਸੰਤ ਗਿਆਨੀ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂ ਵਾਲਿਆਂ ਦਾ ਜਨਮ ਦਿਹਾੜਾ 2 ਜੂਨ ਐਤਵਾਰ ਨੂੰ ਸੰਤ ਭਿੰਡਰਾਂਵਾਲਿਆਂ ਦੇ ਜਨਮ ਅਸਥਾਨ ਗੁਰਦੁਆਰਾ ਸੰਤ ਖਾਲਸਾ ਪਿੰਡ ਰੋਡੇ ਜਿਲਾ ਮੋਗਾ ਵਿਖੇ ਬਹੁਤ ਉਚ ਪੱਧਰ ਤੇ ਮਨਾਇਆ ਜਾ ਰਿਹਾ ਹੈ। ਜ਼ਿਲ੍ਹਾ ਤਰਨਤਾਰਨ ਦੇ ਸਮੂਹ ਅਹੁਦੇਦਾਰ ਅਤੇ ਵਰਕਰ ਸਾਹਿਬਾਨਾਂ ਵੱਲੋਂ ਜੰਗੀ ਪੱਧਰ ਤੇ ਤਿਆਰੀਆਂ ਆਰੰਭ ਹੋ ਚੁੱਕੀਆਂ ਹਨ। ਜਥੇਬੰਦੀ ਦੇ ਚੀਫ ਐਡਵਾਈਜ਼ਰ ਪੰਜਾਬ ਬਾਬਾ ਸੱਜਣ ਸਿੰਘ ਜੀ ਵਾੜਾ ਸ਼ੇਰ ਸਿੰਘ ਅਤੇ ਭਾਈ ਗੁਰਭੇਜ ਸਿੰਘ ਜੀ ਭੈਣੀ ਮੱਸਾ ਸਿੰਘ ਜ਼ਿਲ੍ਹਾ ਪ੍ਰਧਾਨ ਤਰਨਤਾਰਨ ਵੱਲੋਂ ਮਿਲ ਕੇ ਪ੍ਰੇਮ ਪੂਰਵਕ ਵੱਖ ਵੱਖ ਨਗਰਾਂ ਵਿੱਚ ਵੱਡਾ ਭਗਵਾਨਪੁਰਾ,ਛੋਟਾ ਭਗਵਾਨਪੁਰਾ ,ਬਾਸਰਕੇ ,ਚੂੰਘ ਵਿਖੇ ਸੱਦਾ ਪੱਤਰ ਦਿੱਤੇ ਗਏ।2 ਜੂਨ ਨੂੰ ਪਿੰਡ ਰੋਡੇ ਸਮਾਗਮ ਵਿੱਚ ਪਹੁੰਚਣ ਲਈ ਸੰਗਤ ਨੂੰ ਵੱਧ ਤੋਂ ਵੱਧ ਪ੍ਰੇਰਿਤ ਕੀਤਾ ਅਤੇ ਵਿਸ਼ਵਾਸ ਦਿਵਾਇਆ ਕਿ ਵੱਧ ਤੋਂ ਵੱਧ ਸੰਗਤਾਂ 2 ਜੂਨ ਨੂੰ ਪਿੰਡ ਰੋਡੇ ਪਹੁੰਚਣਗੀਆਂ। ਇਸੇ ਤਰ੍ਹਾਂ ਸੰਤ ਬਾਬਾ ਬਲਵਿੰਦਰ ਸਿੰਘ ਜੀ ਮਾੜੀ ਕੰਬੋਕੇ ਵਾਲਿਆਂ ਕੋਲ ਸਿੰਘ ਸੱਦਾ ਪੱਤਰ ਲੈ ਕੇ ਪਹੁੰਚੇ ਉਹਨਾਂ ਨੇ ਬਹੁਤ ਹੀ ਪ੍ਰੇਮ ਪਿਆਰ ਅਤੇ ਸਤਿਕਾਰ ਸਹਿਤ ਨਾਲ ਸਦਾ ਪੱਤਰ ਕਬੂਲ ਕੀਤਾ ਵਿਸ਼ਵਾਸ ਦਿਵਾਇਆ ਕਿ 2 ਜੂਨ ਨੂੰ ਸੰਗਤਾਂ ਰੋਡੇ ਰਵਾਨਾ ਹੋਣਗੀਆ।ਇਸ ਮੌਕੇ ਜਥੇਦਾਰ ਭਾਨ ਸਿੰਘ ਬਾਸਰਕੇ, ਡਾਕਟਰ ਕਮਲਜੀਤ ਸਿੰਘ ਬਾਸਰਕੇ, ਬਾਬਾ ਦਾਇਆ ਸਿੰਘ ਜੀ ਹੈਡ ਗ੍ਰੰਥੀ ਬਾਸਰਕੇ, ਬਾਬਾ ਹਰਦੇਵ ਸਿੰਘ ਜੀ ਇਕਾਈ ਪ੍ਰਧਾਨ ਭੈਣੀ ਮੱਸਾ ਸਿੰਘ, ਬਾਬਾ ਅੰਮ੍ਰਿਤਪਾਲ ਸਿੰਘ, ਸੁਬੇਗ ਸਿੰਘ, ਜਥੇਦਾਰ ਲਖਵਿੰਦਰ ਸਿੰਘ ਚੁੰਗ, ਭਾਈ ਬੂਟਾ ਸਿੰਘ ਨੰਬਰਦਾਰ, ਬਾਬਾ ਆਕਾਸ਼ਦੀਪ ਸਿੰਘ ਚੂੰਘ, ਬਾਬਾ ਮਿਲਖਾ ਸਿੰਘ ਜੀ ਹੈਡ ਗ੍ਰੰਥੀ ਗੁਰਦੁਆਰਾ ਸਾਹਿਬ ਚੁੰਗ ਅਤੇ ਹੋਰ ਬੇਅੰਤ ਪਤਵੰਤੇ ਹਾਜ਼ਰ ਸਨ।

## ਖੰਨਾ ਵੱਲੋਂ ਮੋਦੀ ਸਰਕਾਰ ਵੱਲੋਂ ਚਲਾਈਆਂ ਸਫਲ ਯੋਜਨਾਵਾਂ ਦੇ ਅਧਾਰ ਤੇ ਲੋਕਾਂ ਨੂੰ ਵੋਟਾਂ ਪਾਉਣ ਦੀ ਅਪੀਲ



ਧੂਰੀ, 18 ਮਈ ( ਰਣਜੀਤ ਸਿੰਘ ਪੇਧਨੀ )- ਪੂਰੇ ਦੇਸ਼ ਵਿੱਚ ਨਰਿੰਦਰ ਮੋਦੀ ਦੀ ਲਹਿਰ ਚੱਲ ਰਹੀ ਕਿਉਂਕਿ ਜੋ ਨਰਿੰਦਰ ਮੋਦੀ ਹਿੰਦੁਸਤਾਨ ਦੇ ਲੋਕਾਂ ਦੇ ਨਾਲ ਵਾਅਦਾ ਕਰਦੇ ਹਨ ਉਸ ਨੂੰ ਪੂਰਾ ਕਰਨ ਦੇ ਲਈ ਦਿਨ ਰਾਤ ਤਤਪਰ ਰਹਿੰਦੇ ਹਨ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਆਪਣੇ ਕਾਰਜਕਾਰ ਦੌਰਾਨ ਦੇਸ਼ ਨੂੰ ਵਿਸ਼ਵ ਪੱਧਰ ਤੇ ਇੱਕ ਵੱਡੇ ਮੁਕਾਮ ਤੇ ਪਹੁੰਚਾਇਆ, ਦੇਸ਼ ਦੀ ਵਿਗੜੀ ਹੋਈ ਅਰਥ ਵਿਵਸਥਾ ਨੂੰ ਸੁਧਾਰਨ ਵਿੱਚ ਕਾਮਯਾਬੀ ਹਾਸਿਲ ਕੀਤੀ ਹੈ। ਇਹਨਾਂ ਵਿਚਾਰਾਂ ਦਾ ਪ੍ਰਗਟਾਵਾ ਭਾਰਤੀ ਜਨਤਾ ਪਾਰਟੀ ਦੇ ਲੋਕ ਸਭਾ ਹਲਕਾ ਸੰਗਰੂਰ ਤੋਂ ਉਮੀਦਵਾਰ ਸ੍ਰੀ ਅਰਵਿੰਦ ਖੰਨਾ ਨੇ ਕੀਤਾ ।ਉਹਨਾਂ ਨੇ ਕਿਹਾ ਕਿ ਵਿਰੋਧੀ ਧਿਰ ਦੇ ਆਗੂ ਆਪਣੀਆਂ ਉਪਲਬਧੀਆਂ ਲੋਕ ਭਲਾਈ ਕੰਮਾਂ ਦੇ ਆਧਾਰ ਤੇ ਲੋਕਾਂ ਤੋਂ ਵੋਟਾਂ ਮੰਗਣੋ ਭੁੱਲ ਗਏ ਹਨ। ਜਦੋਂ ਕਿ ਭਾਰਤੀ ਜਨਤਾ ਪਾਰਟੀ ਦੇ ਉਮੀਦਵਾਰ ਸਿਰਫ ਤੇ ਸਿਰਫ ਮੋਦੀ ਸਰਕਾਰ ਵੱਲੋਂ ਚਲਾਈ ਜਾ ਰਹੀ ਸਫਲ ਯੋਜਨਾਵਾਂ ਦੇ ਅਧਾਰ ਤੇ ਲੋਕਾਂ ਨੂੰ ਵੋਟਾਂ ਲਈ ਅਪੀਲ ਕਰ ਰਹੇ ਹਨ। ਉਹਨਾਂ ਕਿਹਾ ਕਿ ਪੰਜਾਬ ਦੇ ਲੋਕ ਇਸ ਵਾਰ ਆਮ ਆਦਮੀ ਪਾਰਟੀ ਅਕਾਲੀ ਅਤੇ ਕਾਂਗਰਸ ਦੇ ਉਮੀਦਵਾਰਾਂ ਨੂੰ ਮੂੰਹ ਨਹੀਂ ਲਾਉਣਗੇ ਉਹਨਾਂ ਨੇ ਫੈਸਲਾ ਕਰ ਲਿਆ ਹੈ ਕਿ ਉਹ 1 ਜੂਨ ਨੂੰ ਭਾਰਤੀ ਜਨਤਾ ਪਾਰਟੀ ਦੇ ਹੱਕ ਵਿੱਚ ਆਪਣੀ ਵੋਟ ਦਾ ਇਸਤੇਮਾਲ ਕਰਕੇ ਬੀਜੇਪੀ ਦੇ ਉਮੀਦਵਾਰਾਂ ਨੂੰ ਵੱਡੇ ਮਾਰਜਨ ਨਾਲ ਜਿਤਾਉਣਗੇ।

## ਮੀਤ ਹੇਅਰ ਵੱਡੇ ਮਾਰਜਨ ਨਾਲ ਸੀਟ ਜਿੱਤ ਕੇ ਪੰਜਾਬ ਦੇ ਮੁੱਖ ਮੰਤਰੀ ਮਾਨ ਦੀ ਝੋਲੀ ਪਾਉਣਗੇ: ਅਮਰੀਕ ਸਿੰਘ ਸੋਹੀ



ਧੂਰੀ, 18 ਮਈ ( ਰਣਜੀਤ ਸਿੰਘ ਪੇਧਨੀ )- ਪੰਜਾਬ ਦੇ ਮੁੱਖ ਮੰਤਰੀ ਸ, ਭਗਵੰਤ ਸਿੰਘ ਮਾਨ ਦੀਆਂ ਲੋਕ ਭਲਾਈ ਸਕੀਮਾਂ ਕਰਕੇ ਲੋਕ ਵੱਡੀ ਗਿਣਤੀ ਵਿੱਚ ਆਮ ਆਦਮੀ ਪਾਰਟੀ ਸ਼ਾਮਿਲ ਹੋ ਰਹੇ ਹਨ, ਆਉਣ ਵਾਲੇ ਸਮੇਂ ਵਿੱਚ ਲੋਕ ਕਾਂਗਰਸ, ਅਕਾਲੀ ਅਤੇ ਬੀਜੇਪੀ ਨੂੰ ਮੂੰਹ ਨਹੀਂ ਲਾਉਣਗੇ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਅਮਰੀਕ ਸਿੰਘ ਸੋਹੀ ਚੇਅਰਮੈਨ ਵੇਰਕਾ ਮਿਲਕ ਪਲਾਂਟ ਸੰਗਰੂਰ ਨੇ ਕੀਤਾ। ਉਨ੍ਹਾਂ ਕਿਹਾ ਕਿ ਪੰਜਾਬ ਦੇ ਲੋਕਾਂ ਨੇ ਫੈਸਲਾ ਕਰ ਲਿਆ ਹੈ ਕਿ ਜੋ ਪੰਜਾਬ ਦੇ ਭਲੇ ਦੀ ਗੱਲ ਕਰਦਾ, ਜਿਨ੍ਹਾਂ ਨੇ ਪੰਜਾਬ ਨੂੰ ਸੋਨੇ ਦੀ ਦੁਬਾਰਾ ਸੋਨੇ ਦੀ ਜਿਹੜੀ ਬਣਾਉਣ ਦਾ ਸੰਕਲਪ ਲਿਆ, ਉਹ ਉਹਨਾਂ ਦੇ ਹੱਕ ਵਿੱਚ ਭੁਗਤ ਕੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਅਤੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਦੇ ਹੱਥ ਮਜਬੂਤ ਕਰਨਗੇ। ਉਹਨਾਂ ਕਿਹਾ ਕਿ ਸੰਗਰੂਰ ਲੋਕ ਸਭਾ ਹਲਕੇ ਤੋਂ ਆਮ ਆਦਮੀ ਪਾਰਟੀ ਦੇ ਉਮੀਦਵਾਰ ਗੁਰਮੀਤ ਸਿੰਘ ਮੀਤ ਹੇਅਰ ਵੱਡੇ ਮਾਰਜਨ ਨਾਲ ਸੀਟ ਜਿੱਤ ਕੇ ਪੰਜਾਬ ਦੇ ਮੁੱਖ ਮੰਤਰੀ ਸ ਭਗਵੰਤ ਸਿੰਘ ਮਾਨ ਦੀ ਝੋਲੀ ਪਾਉਣਗੇ।